Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 20*Issue 08 Tuesday, January 12, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਦੋ ਡੋਜ਼ ਵਾਲੇ ਸ਼ਡਿਊਲ ਦੀ ਪਾਲਣਾ ਨਾ ਕਰਨ ’ਤੇ ਕਿਊਬਿਕ ਨੂੰ ਵੈਕਸੀਨ ਸਪਲਾਈ ਬੰਦ ਕਰ ਸਕਦੀ ਹੈ ਫਾਈਜ਼ਰ ?



ਮਾਂਟਰੀਅਲ, 11 ਜਨਵਰੀ (ਪੋਸਟ ਬਿਊਰੋ) : ਕਿਊਬਿਕ ਵਿੱਚ ਕੋਵਿਡ-19 ਵੈਕਸੀਨ ਨੂੰ ਉਸ ਸੂਰਤ ਵਿੱਚ ਢਾਹ ਲੱਗੇਗੀ ਜੇ ਪ੍ਰੋਵਿੰਸ ਨੇ ਉਹ ਸ਼ਡਿਊਲ ਅਪਨਾਉਣਾ ਜਾਰੀ ਰੱਖਿਆ ਜਿਸ ਦੀ ਵੈਕਸੀਨ ਨਿਰਮਾਤਾ ਵੱਲੋਂ ਸਿਫਾਰਿਸ਼ ਨਹੀਂ ਕੀਤੀ ਗਈ ਹੈ। ਇਹ ਖੁਲਾਸਾ ਪ੍ਰੋਵਿੰਸ਼ੀਅਲ ਆਗੂਆਂ ਵੱਲੋਂ ਕੀਤਾ ਗਿਆ।

ਸੋਮਵਾਰ ਨੂੰ ਪ੍ਰੀਮੀਅਰ ਫਰੈਂਕੌਇਸ ਲੀਗਾਲਟ ਨੇ ਆਖਿਆ ਕਿ ਓਟਵਾ ਵੱਲੋਂ ਪ੍ਰੋਵਿੰਸ਼ੀਅਲ ਸਰਕਾਰ ਨਾਲ ਇਸ ਬਾਰੇ ਗੱਲਬਾਤ ਕੀਤੀ ਜਾ ਰਹੀ ਸੀ ਕਿ ਉਨ੍ਹਾਂ ਨੂੰ ਫਾਈਜ਼ਰ ਵੱਲੋਂ ਆਪਣੀ ਵੈਕਸੀਨ ਲਈ ਦੋ ਡੋਜ਼ਾਂ ਵਾਲੇ ਸ਼ਡਿਊਲ ਨੂੰ ਅਪਨਾਏ ਜਾਣ ਦੀ ਲੋੜ ਹੈ। ਇਸ ਸ਼ਡਿਊਲ ਅਨੁਸਾਰ ਵੈਕਸੀਨ ਦੀ ਪਹਿਲੀ ਡੋਜ਼ ਦਿੱਤੇ ਜਾਣ ਤੋਂ ਤਿੰਨ ਹਫਤੇ ਬਾਅਦ ਦੂਜੀ ਡੋਜ਼ ਦਿੱਤੀ ਜਾਣੀ ਜ਼ਰੂਰੀ ਹੈ। ਪਰ ਕਿਊਬਿਕ ਸਰਕਾਰ ਦੀ ਯੋਜਨਾ ਅਨੁਸਾਰ ਤੇ ਸੋਧੇ ਹੋਏ ਸ਼ਡਿਊਲ ਮੁਤਾਬਕ ਪਹਿਲੀ ਡੋਜ਼ ਹਾਸਲ ਕਰਨ ਵਾਲੇ ਲੋਕ ਕਈ ਮਹੀਨੇ ਬਾਅਦ ਵੀ ਦੂਜੀ ਡੋਜ਼ ਹਾਸਲ ਕਰ ਸਕਦੇ ਹਨ।

ਸਰਕਾਰ ਦਾ ਦਾਅਵਾ ਹੈ ਕਿ ਇਹ ਸੋਧਿਆ ਹੋਇਆ ਸ਼ਡਿਊਲ ਵੱਧ ਤੋਂ ਵੱਧ ਲੋਕਾਂ ਨੂੰ ਵੈਕਸੀਨੇਟ ਕਰਨ ਦਾ ਉਪਰਾਲਾ ਹੈ। ਸਰਕਾਰ ਦਾ ਇੱਥੋਂ ਤੱਕ ਦਾਅਵਾ ਹੈ ਕਿ ਪਹਿਲੀ ਡੋਜ਼ ਨਾਲ ਹੀ ਲੋੜੀਂਦੀ ਇਮਿਊਨਿਟੀ ਦਾ ਪੱਧਰ ਹਾਸਲ ਹੋ ਜਾਂਦਾ ਹੈ। ਪਰ ਫਾਈਜ਼ਰ ਵੱਲੋਂ ਕਿਊਬਿਕ ਸਰਕਾਰ ਦੇ ਇਸ ਦਾਅਵੇ ਨਾਲ ਇਤਫਾਕ ਨਹੀਂ ਰੱਖਿਆ ਜਾ ਰਿਹਾ। ਲੀਗਾਲਟ ਨੇ ਆਖਿਆ ਕਿ ਫੈਡਰਲ ਸਰਕਾਰ ਵੱਲੋਂ ਉਨ੍ਹਾਂ ਨੂੰ ਇਹ ਦੱਸਿਆ ਗਿਆ ਹੈ ਕਿ ਜੇ ਅਸੀਂ ਫਾਈਜ਼ਰ ਵੱਲੋਂ ਦੱਸੇ ਗਏ ਅੰਤਰਾਲ ਉੱਤੇ ਵੈਕਸੀਨ ਦੀ ਡੋਜ਼ ਨਾ ਦਿੱਤੀ ਤਾਂ ਕੰਪਨੀ ਭਵਿੱਖ ਵਿੱਚ ਸਾਨੂੰ ਵੈਕਸੀਨ ਦੀ ਸਪਲਾਈ ਬੰਦ ਵੀ ਕਰ ਸਕਦੀ ਹੈ।

ਲੀਗਾਲਟ ਨੇ ਅੱਗੇ ਆਖਿਆ ਕਿ ਜੇ ਦੂਜੀ ਡੋਜ਼ ਨੂੰ ਰੋਕਣ ਦੀ ਕੰਪਨੀ ਵੱਲੋਂ ਗੱਲ ਆਖੀ ਗਈ ਹੈ ਤਾਂ ਅਸੀਂ ਉਸ ਵੱਲੋਂ ਦਿੱਤੇ ਨਿਰਦੇਸ਼ਾਂ ਉੱਤੇ ਹੀ ਚੱਲਾਂਗੇ ਪਰ ਜੇ ਸਾਡੇ ਕੋਲ ਚੋਣ ਕਰਨ ਦਾ ਬਦਲ ਹੈ ਤਾਂ ਅਸੀਂ ਪਹਿਲੀ ਡੋਜ਼ ਨਾਲ ਹੀ ਵੱਧ ਤੋਂ ਵੱਧ ਲੋਕਾਂ ਨੂੰ ਵੈਕਸੀਨੇਟ ਕਰਨ ਦਾ ਫੈਸਲਾ ਕਰਾਂਗੇ। ਫਾਈਜ਼ਰ ਦੇ ਬੁਲਾਰੇ ਨੇ ਆਖਿਆ ਕਿ ਕੰਪਨੀ ਵੱਲੋਂ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਜਾਂਦੀ ਕਿ ਇਸ ਤਰ੍ਹਾ ਦੇ ਨਤੀਜੇ ਢੁਕਵੇਂ ਹੋਣਗੇ। ਪਰ ਫਾਈਜ਼ਰ ਵੱਲੋਂ ਇਸ ਗੱਲ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਕੈਨੇਡਾ ਭਰ ਵਿੱਚ ਹੈਲਥ ਕੈਨੇਡਾ ਵੱਲੋਂ ਜਾਰੀ ਡੋਜ਼ਾਂ ਦੇ ਸ਼ਡਿਊਲ ਦੀ ਹੀ ਪਾਲਣਾ ਕੀਤੀ ਜਾਵੇ।

## ਕਰਫਿਊ ਨਹੀਂ ਸਖ਼ਤ ਪਾਬੰਦੀਆਂ ਦਾ ਐਲਾਨ ਕਰ ਸਕਦੀ ਹੈ ਫੋਰਡ ਸਰਕਾਰ



ਟੋਰਾਂਟੋ, 11 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਸੰਕਟ ਹੋਰ ਡੂੰਘਾ ਹੋ ਜਾਣ ਕਾਰਨ ਓਨਟਾਰੀਓ ਸਰਕਾਰ ਭਾਵੇਂ ਕਰਫਿਊ ਲਾਉਣ ਬਾਰੇ ਵਿਚਾਰ ਨਹੀਂ ਕਰ ਰਹੀ ਪਰ ਫੋਰਡ ਸਰਕਾਰ ਵੱਲੋਂ ਮੰਗਲਵਾਰ ਨੂੰ ਸਖ਼ਤ ਪਾਬੰਦੀਆਂ ਦਾ ਐਲਾਨ ਜ਼ਰੂਰ ਕੀਤਾ ਜਾ ਸਕਦਾ ਹੈ।

ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨੇ ਸੋਮਵਾਰ ਨੂੰ ਇਸ ਦੀ ਪੁਸ਼ਟੀ ਕੀਤੀ ਕਿ ਕਰਫਿਊ ਲਾਉਣ ਬਾਰੇ ਕੈਬਨਿਟ ਵੱਲੋਂ ਕੋਈ ਵਿਚਾਰ ਵਟਾਂਦਰਾ ਨਹੀਂ ਕੀਤਾ ਜਾ ਰਿਹਾ। ਸੋਮਵਾਰ ਸਵੇਰੇ ਕੁਈਨਜ਼ ਪਾਰਕ ਪਹੁੰਚੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਉਨ੍ਹਾਂ ਦੇ ਕੈਬਨਿਟ ਵੱਲੋਂ ਕੋਵਿਡ-19 ਲਾਕਡਾਊਨ ਮਾਪਦੰਡਾਂ ਉੱਤੇ ਅੱਜ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਤੇ ਮੰਗਲਵਾਰ ਨੂੰ ਉਨ੍ਹਾਂ ਸਬੰਧੀ ਐਲਾਨ ਕੀਤਾ ਜਾਵੇਗਾ। ਪਿਛਲੇ ਹਫਤੇ ਫੋਰਡ ਵੱਲੋਂ ਕੋਵਿਡ-19 ਦੇ ਵਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਸਖ਼ਤ ਮਾਪਦੰਡ ਅਪਣਾਏ ਜਾਣ ਦੀ ਚੇਤਾਵਨੀ ਦਿੱਤੀ ਗਈ ਸੀ। ਪਰ ਇਨ੍ਹਾਂ ਮਾਪਦੰਡਾਂ ਵਿੱਚ ਕੀ ਹੋਵ-ੇਗਾ ਇਸ ਬਾਰੇ ਕੋਈ ਸੰਕੇਤ ਨਹੀਂ ਦਿੱਤਾ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਫੋਰਡ ਵੱਲੋਂ ਦੂਜੀ ਸਟੇਟ ਆਫ ਐਮਰਜੰਸੀ ਦਾ ਐਲਾਨ ਕੀਤਾ ਜਾ ਸਕਦਾ ਹੈ। ਇਸ ਨਾਲ ਸਰਕਾਰ ਨੂੰ ਮੌਜੂਦਾ ਪ੍ਰੋਵਿੰਸ ਪੱਧਰੀ ਲਾਕਡਾਊਨ ਤੋਂ ਇਲਾਵਾ ਹੋਰ ਨਵੇਂ ਮਾਪਦੰਡ ਅਪਣਾਏ ਜਾਣ ਦੀ ਸ਼ਕਤੀ ਹਾਸਲ ਹੋਵੇਗੀ। ਨਵੀਆਂ ਪਾਬੰਦੀਆਂ ਤੋਂ ਇਲਾਵਾ ਫੋਰਡ ਸਰਕਾਰ ਵੱਲੋਂ ਨਵੀਂ ਕੋਵਿਡ-19 ਮਾਡਲਿੰਗ ਵੀ ਜਾਰੀ ਕੀਤੀ ਜਾ ਸਕਦੀ ਹੈ।

ਇਸ ਦੌਰਾਨ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਵੀ ਪਹਿਲੀ ਵਾਰੀ ਸੋਮਵਾਰ ਨੂੰ ਇਹ ਆਖਿਆ ਕਿ ਕੋਵਿਡ-19 ਨੂੰ ਰੋਕਣ ਲਈ ਉਹ ਕਰਫਿਊ ਦਾ ਸਮਰਥਨ ਕਰ ਸਕਦੇ ਹਨ। ਪਰ ਉਨ੍ਹਾਂ ਜ਼ਰੂਰੀ ਮੰਨੇ ਜਾਣ ਵਾਲੇ ਕਾਰੋਬਾਰਾਂ ਦੀ ਸੂਚੀ ਘਟਾਉਣ ਉੱਤੇ ਜ਼ੋਰ ਦਿੱਤਾ ਤੇ ਆਖਿਆ ਕਿ ਇਸ ਤਰ੍ਹਾਂ ਜ਼ਿਆਦਾ ਤੋਂ ਜ਼ਿਆਦਾ ਲੋਕ ਘਰਾਂ ਵਿੱਚ ਰਹਿ ਸਕਣਗੇ।

## ਮੁਨਾਫੇ ਲਈ ਚਲਾਏ ਜਾਣ ਵਾਲੇ ਲਾਂਗ ਟਰਮ ਕੇਅਰ ਹਮਜ਼ ਬੰਦ ਕੀਤੇ ਜਾਣ : ਜਗਮੀਤ ਸਿੰਘ



ਟਰਾਂਟ, 11 ਜਨਵਰੀ (ਪਸਟ ਬਿਊਰ) : ਫੈਡਰਲ ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਓਨਟਾਰੀਓ ਵਿੱਚ ਮੁਨਾਫਾ ਕਮਾਉਣ ਵਾਲੇ ਲਾਂਗ ਟਰਮ ਕੇਅਰ ਹਮਜ ਨੂੰ ਬੰਦ ਕਰਨ ਦਾ ਸਮਾਂ ਆ ਗਿਆ ਹੈ।

ਟਰਾਂਟ ਦੇ ਸੇਟ ਜਾਰਜ ਕਮਿਊਨਿਟੀ ਕੇਅਰ ਸੈਟਰ, ਇਹ ਪ੍ਰਾਈਵੇਟ ਤੇ ਮੁਨਾਫੇ ਲਈ ਚਲਾਇਆ ਜਾਣ ਵਾਲਾ ਲਾਂਗ ਟਰਮ ਕੇਅਰ ਹਮ ਹੈ ਜ ਸਿਏਨਾ ਲਿਵਿੰਗ ਦਾ ਹੈ, ਦੇ ਬਾਹਰ ਐਤਵਾਰ ਦੁਪਹਿਰ ਨੂੰ ਕੀਤੀ ਰੈਲੀ ਨੂੰ ਸੰਬਧਨ ਕਰਦਿਆਂ ਜਗਮੀਤ ਸਿੰਘ ਨੇ ਇਹ ਆਖਿਆ ਕਵਿਡ-19 ਆਊਟਬ੍ਰੇਕ ਨਾਲ ਡੀਲ ਕਰਨ ਲਈ ਇਸ ਫੈਸਿਲਿਟੀ ਦੀ ਮੈਨੇਜਮੈਂਟ ਇਸ ਸਮੇ ਯੂਨੀਵਰਸਿਟੀ ਹੈਲਥ ਨੈੱਟਵਰਕ ਦੇ ਹੱਥ ਹੈ।

ਐਨਡੀਪੀ ਆਗੂ ਨੇ ਆਖਿਆ ਕਿ ਜਦ ਅਜਿਹੇ ਹਮਜ ਵਿੱਚ ਕਵਿਡ-19 ਆਊਟਬ੍ਰੇਕਸ ਦਾ ਮਾਮਲਾ ਆਉਦਾ ਹੈ ਤਾਂ ਫੈਡਰਲ ਸਰਕਾਰ ਨੂੰ ਤੇਜੀ ਨਾਲ ਕੰਮ ਕਰਨਾ ਚਾਹੀਦਾ ਹੈ ਤੇ ਲੜ ਪੈਣ ਉੱਤੇ ਫਜ ਵੀ ਤਾਇਨਾਤ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਸਾਨੂੰ ਸਿਰਫ ਉਦ ਹੀ ਪ੍ਰਤੀਕਿਰਿਆ ਨਹੀ ਪ੍ਰਗਟਾਉਣੀ ਚਾਹੀਦੀ ਜਦ ਕਈ ਦਿੱਕਤ ਪੈਦਾ ਹਵੇ, ਸਾਨੂੰ ਉਦ ਵੀ ਕਦਮ ਨਹੀ ਚੁੱਕਣਾ ਚਾਹੀਦਾ ਜ ਇਨਫੈਕਸਨ ਦਰ ਵਿੱਚ ਵਾਧਾ ਹਵੇ, ਸਾਨੂੰ ਫਰੀ ਕਾਰਵਾਈ ਕਰਨ ਦੀ ਲੜ ਹੈ। ਉਨ੍ਹਾਂ ਆਖਿਆ ਕਿ ਇਸ ਗੱਲ ਨਾਲ ਤਾਂ ਸਾਰੇ ਸਹਿਮਤ ਹਨ ਕਿ ਮੁਨਾਫੇ ਦੇ ਚੱਕਰ ਵਿੱਚ ਬਜੁਰਗਾਂ ਦਾ ਹਾਲ ਕਾਫੀ ਮਾੜਾ ਹੁੰਦਾ ਹੈ ਤੇ ਅਸੀ ਇਸ ਤਰ੍ਹਾਂ ਦੇ ਹਾਲਾਤ ਜਾਰੀ ਨਹੀ ਰੱਖ ਸਕਦੇ।

## ਓਕਵਿੱਲ ਦੇ ਮੇਅਰ ਨੇ ਹਾਲਟਨ ਪੁਲਿਸ ਬੋਰਡ ਤੋਂ ਦਿੱਤਾ ਅਸਤੀਫਾ



ਓਕਵਿੱਲ, 11 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦਰਮਿਆਨ ਪੁਲਿਸ ਚੀਫ ਸਟੀਫਨ ਟੈਨਰ ਨੂੰ ਫਲੋਰਿਡਾ ਦਾ ਸਫਰ ਕਰਨ ਦੀ ਇਜਾਜ਼ਤ ਦੇਣ ਤੋਂ ਬਾਅਦ ਜਨਤਕ ਤੌਰ ਉੱਤੇ ਆਪਣੇ ਇਸ ਫੈਸਲੇ ਨੂੰ ਸਹੀ ਠਹਿਰਾਉਣ ਵਾਲੇ ਓਕਵਿੱਲ ਦੇ ਮੇਅਰ ਨੇ ਹਾਲਟਨ ਪੁਲਿਸ ਬੋਰਡ ਤੋਂ ਅਸਤੀਫਾ ਦੇ ਦਿੱਤਾ ਹੈ।

ਸੋਮਵਾਰ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਰੌਬ ਬਰਟਨ ਨੇ ਆਖਿਆ ਕਿ ਟੈਨਰ ਦਾ ਗਲਤ ਵੇਲੇ ਕੀਤਾ ਗਿਆ ਇਹ ਦੌਰਾ ਜਨਤਕ ਹੋਣ ਤੋਂ ਬਾਅਦ ਆਪਣੇ ਵੱਲੋਂ ਪ੍ਰਗਟਾਈ ਗਈ ਪ੍ਰਤੀਕਿਰਿਆ ਦਾ ਉਨ੍ਹਾਂ ਨੂੰ ਬਹੁਤ ਅਫਸੋਸ ਹੈ। ਉਨ੍ਹਾਂ ਅੱਗੇ ਆਖਿਆ ਕਿ ਇਸ ਲਈ ਉਹ ਹਾਲਟਨ ਪੁਲਿਸ ਬੋਰਡ ਦੇ ਮੈਂਬਰ ਵਜੋਂ ਅਸਤੀਫਾ ਦਿੰਦੇ ਹਨ। ਬਰਟਨ ਨੇ ਇਹ ਵੀ ਆਖਿਆ ਕਿ ਉਨ੍ਹਾਂ ਦੇ ਚੇਅਰ ਰਹਿੰਦਿਆਂ ਐਚਆਰਪੀਐਸ ਤੇ ਇਸ ਦੇ ਬੋਰਡ ਨੂੰ ਹਾਸਲ ਹੋਈ ਸਫਲਤਾ ਉੱਤੇ ਉਨ੍ਹਾਂ ਨੂੰ ਮਾਣ ਹੈ।

ਜ਼ਿਕਰਯੋਗ ਹੈ ਕਿ ਟੈਨਰ ਨੇ ਬੀਤੇ ਦਿਨੀਂ ਇੱਕ ਬਿਆਨ ਜਾਰੀ ਕਰਕੇ ਇਹ ਸਵੀਕਾਰ ਕੀਤਾ ਸੀ ਕਿ ਦਸੰਬਰ ਦੇ ਅੰਤ ਵਿੱਚ ਉਨ੍ਹਾਂ ਵੱਲੋਂ ਫਲੋਰਿਡਾ ਦਾ ਕੀਤਾ ਗਿਆ ਦੌਰਾ ਹਾਲਟਨ ਪੁਲਿਸ ਬੋਰਡ ਦੇ ਚੇਅਰ ਦੇ ਧਿਆਨ ਵਿੱਚ ਸੀ ਤੇ ਇਹ ਉਨ੍ਹਾਂ ਦੇ ਸਮਰਥਨ ਤੇ ਮਦਦ ਨਾਲ ਕੀਤਾ ਗਿਆ। ਟੈਨਰ ਉਹ ਪਬਲਿਕ ਫਿਗਰ ਹਨ ਜਿਨ੍ਹਾਂ ਦੇ ਕੌਮਾਂਤਰੀ ਦੌਰੇ ਦੀ ਨਿਖੇਧੀ ਕੀਤੀ ਜਾ ਰਹੀ ਹੈ।

## ਬਰੈਂਪਟਨ ਵਿੱਚ ਛੁਰੇਬਾਜ਼ੀ ਵਿੱਚ 2 ਜ਼ਖ਼ਮੀ, 3 ਹਿਰਾਸਤ ਵਿੱਚ

ਬਰੈਂਪਟਨ, 11 ਜਨਵਰੀ (ਪੋਸਟ ਬਿਊਰੋ) : ਸੋਮਵਾਰ ਸਵੇਰੇ ਬਰੈਂਪਟਨ ਵਿੱਚ ਛੁਰੇਬਾਜ਼ੀ ਦੀ ਵਾਪਰੀ ਦੂਹਰੀ ਘਟਨਾ ਤੋਂ ਬਾਅਦ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੀਲ ਪੁਲਿਸ ਨੇ ਦੱਸਿਆ ਕਿ ਅੱਧੀ ਰਾਤ ਤੋਂ ਬਾਅਦ ਕੁਈਨ ਸਟਰੀਟ ਤੇ ਚਿੰਗੁਆਕਸੀ ਇਲਾਕੇ ਵਿੱਚ ਡੁਰਾਂਗੋ ਡਰਾਈਵ ਉੱਤੇ ਇੱਕ ਗੱਡੀ ਦੇ ਬਾਹਰ ਹੋਈ ਲੜਾਈ ਦੌਰਾਨ ਦੋ ਵਿਅਕਤੀਆਂ, ਜੋ ਕਿ ਆਪਣੇ 20ਵਿਆਂ ਵਿੱਚ ਸਨ, ਉੱਤੇ ਤੇਜ਼ ਧਾਰ ਹਥਿਆਰ ਨਾਲ ਵਾਰ ਕੀਤੇ ਗਏ। ਇੱਕ ਵਿਅਕਤੀ ਜਿਸ ਉੱਤੇ ਤੇਜ਼ ਧਾਰ ਹਥਿਆਰ ਨਾਲ ਕਈ ਵਾਰ ਕੀਤੇ ਗਏ ਸਨ, ਉਹ ਮੌਕੇ ਤੋਂ ਹੀ ਮਿਲ ਗਿਆ। ਜਦਕਿ ਦੂਜਾ ਵਿਅਕਤੀ ਬੋਵੇਅਰਡ ਡਰਾਈਵ ਤੇ ਮੇਨ ਸਟਰੀਟ ਨੇੜੇ ਟੈਸਲਰ ਕ੍ਰੀਸੈਂਟ ਉੱਤੇ ਪਾਇਆ ਗਿਆ। ਉਹ ਵੀ ਤੇਜ਼ ਧਾਰ ਹਥਿਆਰ ਨਾਲ ਕੀਤੇ ਵਾਰਾਂ ਕਰਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਸੀ। ਦੋਵਾਂ ਵਿਅਕਤੀਆਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪਰ ਦੋਵਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਘਟਨਾ ਦਾ ਸ਼ਿਕਾਰ ਹੋਏ ਵਿਅਕਤੀ ਤੇ ਮਸ਼ਕੂਕ ਇੱਕ ਦੂਜੇ ਨੂੰ ਜਾਣਦੇ ਸਨ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto
Business • Trucking
Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit • LMIA / Work permit • Permanent Residency • Family Sponsorship • Nanny • Visitor Visa • Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1

Law Office of Aman Sharma
Real Estate • Commercial Lease • Business Purchase & Sale • Notarizations & Affidavits • Wills & Power Of Attorney
Fax: 905-913-2344 Tel: 905-913-2355 Aman Sharma
25 Cherrycrest Drive, Unit # 6 Brampton, ON, L6P 3W4 Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 / 204 295 4449
World Gateway Immigration Company since 2010
Get PERMANENT RESIDENCY If You are on Work Permit/Visitor in Canada
ZORA KAINTH Director, Member of ICCRC, Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ? Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੇ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate • Fastest Service • 24x7 Service • Secure Transaction • Special Business Account
Send - Exchange - Receive
Toll Free: 1833 823 5439 647 783 0049

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!! *Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets • Completly Furnished Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਾਹਲਫੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


CANOPY
TOWERS
Canopy Towers - Building A
Exterior Rendering - Dusk View by Liberty Development
NEW CONDOS COMING SOON
Beautiful nature, luxurious amenities, a rooftop lifestyle park, close to urban conveniences, in vibrant downtown Mississauga.
Starting From $440,900
FREE ASSIGNMENT
PERMISSION TO LEASE DURING OCCUPANCY
CAPPED DEVELOPMENT CHARGERS
QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites
EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy
Residential
Commercial
Investment
Century 21.
President Realty Inc
Brokerage*
Independently Owned and Operated.
Grewalhomes.com
Jagdish Grewal
Sales Representative
416 877-6464
or E-mail Jagdish@grewalhomes.com

# ਟਰੰਪ ਨੂੰ ਇੰਪੀਚ ਕੀਤੇ ਜਾਣ ਦੀ ਕੀਤੀ ਜਾ ਰਹੀ ਹੈ ਤਿਆਰੀ?



ਵਾਸ਼ਿੰਗਟਨ, 11 ਜਨਵਰੀ (ਪੋਸਟ ਬਿਊਰੋ) : ਅਮਰੀਕਾ ਦੀ ਹਾਊਸ ਸਪੀਕਰ ਨੈਂਸੀ ਪੈਲੋਸੀ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਡੌਨਲਡ ਟਰੰਪ ਖਿਲਾਫ ਮਹਾਂਭਿਯੋਗ ਲਈ ਬਿੱਲ ਲਿਆਉਣ ਵਾਸਤੇ ਹਾਊਸ ਜਲਦ ਹੀ ਕਾਰਵਾਈ ਕਰੇਗਾ। ਉਨ੍ਹਾਂ ਵਾਈਸ ਪ੍ਰੈਜ਼ੀਡੈਂਟ ਤੇ ਕੈਬਨਿਟ ਨੂੰ ਸੱਦਾ ਦਿੱਤਾ ਕਿ ਟਰੰਪ ਨੂੰ ਬਾਹਰ ਕਰਨ ਲਈ ਆਪਣੀਆਂ ਸੰਵਿਧਾਨਕ ਸ਼ਕਤੀਆਂ ਦੀ ਵਰਤੋਂ ਕਰਨ। ਉਨ੍ਹਾਂ ਆਖਿਆ ਕਿ ਕੈਪੀਟਲ ਉੱਤੇ ਹਮਲੇ ਤੋਂ ਬਾਅਦ ਟਰੰਪ ਜਮਹੂਰੀਅਤ ਲਈ ਖਤਰਾ ਬਣ ਚੁੱਕੇ ਹਨ।

ਟਰੰਪ ਨੂੰ ਪਾਸੇ ਕਰਨ ਲਈ ਚੁਫੇਰਿਓਂ ਪੈ ਰਹੇ ਦਬਾਅ ਦੇ ਚੱਲਦਿਆਂ ਸੋਮਵਾਰ ਤੋਂ ਹਾਊਸ ਵੱਲੋਂ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ।ਪੈਨਸਿਲਵੇਨੀਆ ਤੋਂ ਰਿਪਬਲਿਕਨ ਸੈਨੇਟਰ ਪੈਟ ਟੂਮੇ ਅਤੇ ਅਲਾਸਕਾ ਤੋਂ ਰਿਪਬਲਿਕਨ ਸੈਨੇਟਰ ਲੀਜ਼ਾ ਮਰਕੋਵਸਕੀ ਵੱਲੋਂ ਟਰੰਪ ਤੋਂ ਅਸਤੀਫੇ ਦੀ ਮੰਗ ਕੀਤੀ ਗਈ ਹੈ ਤਾਂ ਕਿ ਉਸ ਨੂੰ ਜਲਦ ਤੋਂ ਜਲਦ ਪਾਸੇ ਕੀਤਾ ਜਾ ਸਕੇ।ਆਪਣੇ ਆਫਿਸ ਵਿੱਚ ਟਰੰਪ ਦੇ ਆਖਰੀ 10 ਦਿਨ ਕਾਫੀ ਗੜਬੜੀ ਵਾਲੇ ਰਹਿਣ ਦੀ ਸੰਭਾਵਨਾ ਹੈ ਤੇ ਨੀਤੀਘਾੜਿਆਂ ਵੱਲੋਂ ਇਹ ਚੇਤਾਵਨੀ ਵੀ ਦਿੱਤੀ ਜਾ ਰਹੀ ਹੈ ਕਿ 20 ਜਨਵਰੀ ਨੂੰ ਜੋਅ ਬਾਇਡਨ ਵੱਲੋਂ ਸੰਹੁ ਚੁੱਕੇ ਜਾਣ ਤੋਂ ਪਹਿਲਾਂ ਵੀ ਇਹ ਰਾਸ਼ਟਰਪਤੀ ਕੋਈ ਨਾ ਕੋਈ ਵੱਡਾ ਨੁਕਸਾਨ ਕਰ ਸਕਦਾ ਹੈ।

ਆਪਣੇ ਕੁਲੀਗਜ਼ ਨੂੰ ਲਿਖੇ ਪੱਤਰ ਵਿੱਚ ਪੈਲੋਸੀ ਨੇ ਆਖਿਆ ਕਿ ਸਾਨੂੰ ਇਸ ਸਬੰਧ ਵਿੱਚ ਜਲਦ ਤੋਂ ਜਲਦ ਕਾਰਵਾਈ ਕਰਨ ਦੀ ਲੋੜ ਹੈ ਕਿਉਂਕਿ ਇਹ ਰਾਸ਼ਟਰਪਤੀ ਸਾਡੇ ਲਈ ਖਤਰਾ ਬਣ ਚੁੱਕਿਆ ਹੈ। ਇਹ ਵੀ ਪਤਾ ਲੱਗਿਆ ਹੈ ਕਿ ਸੋਮਵਾਰ ਨੂੰ ਪੈਲੋਸੀ ਦੀ ਲੀਡਰਸ਼ਿਪ ਟੀਮ ਵਾਈਸ ਪ੍ਰੈਜ਼ੀਡੈਂਟ ਮਾਈਕ ਪੈਂਸ ਤੇ ਕੈਬਨਿਟ ਅਧਿਕਾਰੀਆਂ ਤੋਂ ਟਰੰਪ ਖਿਲਾਫ 25ਵੀਂ ਸੋਧ ਲਿਆਉਣ ਦੀ ਮੰਗ ਕਰੇਗੀ। ਇਸ ਉੱਤੇ ਮੰਗਲਵਾਰ ਨੂੰ ਵੋਟ ਪਾਏ ਜਾਣ ਦੀ ਸੰਭਾਵਨਾ ਹੈ।ਇਸ ਤੋਂ ਬਾਅਦ ਪੈਂਸ ਤੇ ਕੈਬਨਿਟ ਕੋਲ ਕਾਰਵਾਈ ਕਰਨ ਲਈ 24 ਘੰਟੇ ਦਾ ਸਮਾਂ ਹੋਵੇਗਾ, ਨਹੀਂ ਤਾਂ ਹਾਊਸ ਇੰਪੀਚਮੈਂਟ ਵੱਲ ਅੱਗੇ ਵਧੇਗਾ।

ਦੂਜੇ ਪਾਸੇ ਹਾਊਸ ਡੈਮੋਕ੍ਰੈਟਸ ਵੱਲੋਂ ਇੰਪੀਚਮੈਂਟ ਸਬੰਧੀ ਆਰਟੀਕਲ ਸੋਮਵਾਰ ਨੂੰ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਉਨ੍ਹਾਂ ਦੀ ਰਣਨੀਤੀ ਰਾਸ਼ਟਰਪਤੀ ਵੱਲੋਂ ਕੀਤੀਆਂ ਗਈਆਂ ਹਰਕਤਾਂ ਦੀ ਨਿਖੇਧੀ ਕਰਨਾ ਹੈ ਪਰ ਉਹ ਇੰਪੀਚਮੈਂਟ ਟ੍ਰਾਇਲ ਨੂੰ ਸੈਨੇਟ ਵਿੱਚ 100 ਦਿਨਾਂ ਲਈ ਟਾਲਣਾ ਚਾਹੁੰਦੇ ਹਨ। ਇਸ ਨਾਲ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਨੂੰ ਆਪਣੀਆਂ ਹੋਰਨਾਂ ਤਰਜੀਹਾਂ ਵੱਲ ਧਿਆਨ ਕੇਂਦਰਿਤ ਕਰਨ ਦਾ ਮੌਕਾ ਮਿਲ ਜਾਵੇਗਾ।

# ਬਾਇਡਨ ਦੇ ਸੰਹੁ ਚੁੱਕ ਸਮਾਰੋਹ ਤੋਂ ਪਹਿਲਾਂ ਟਰੰਪ ਸਮਰਥਕਾਂ ਵੱਲੋਂ ਕੀਤੇ ਜਾ ਸਕਦੇ ਹਨ ਹਿੰਸਕ ਮੁਜ਼ਾਹਰੇ : ਐਫਬੀਆਈ




ਵਾਸ਼ਿੰਗਟਨ, 11 ਜਨਵਰੀ (ਪੋਸਟ ਬਿਊਰੋ) : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ 20 ਜਨਵਰੀ ਨੂੰ ਚੁੱਕੀ ਜਾਣ ਵਾਲੀ ਅਹੁਦੇ ਦੀ ਸੰਹੁ ਤੋਂ ਪਹਿਲਾਂ ਵਾਸ਼ਿੰਗਟਨ ਤੇ ਅਮਰੀਕਾ ਦੇ ਸਾਰੇ 50 ਸਟੇਟਸ ਵਿੱਚ ਹਥਿਆਰਬੰਦ ਮੁਜ਼ਾਹਰੇ ਕੀਤੇ ਜਾਣ ਦੀ ਸੂਹ ਮਿਲੀ ਹੈ। ਇਸ ਸਬੰਧ ਵਿੱਚ ਐਫਬੀਆਈ ਵੱਲੋਂ ਚੇਤਾਵਨੀ ਵੀ ਜਾਰੀ ਕੀਤੀ ਗਈ ਹੈ।

ਅਹੁਦਾ ਛੱਡ ਰਹੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਸਮਰਥਕਾਂ ਵੱਲੋਂ ਹੋਰ ਹਿੰਸਾ ਦੀਆਂ ਦਿੱਤੀਆਂ ਜਾ ਰਹੀਆਂ ਧਮਕੀਆਂ ਤੋਂ ਬਾਅਦ ਐਫਬੀਆਈ ਵੱਲੋਂ ਚੇਤਾਵਨੀ ਜਾਰੀ ਕੀਤੀ ਗਈ ਹੈ। ਅਮਰੀਕੀ ਕੈਪੀਟਲ ਉੱਤੇ ਧਾਵਾ ਬੋਲਣ ਵਾਂਗ ਹੀ ਸੰਹੁ ਚੁੱਕ ਸਮਾਰੋਹ ਤੱਕ ਟਰੰਪ ਸਮਰਥਕਾਂ ਵੱਲੋਂ ਦੇਸ਼ ਵਿੱਚ ਕਿਤੇ ਵੀ ਹਿੰਸਕ ਕਾਰਵਾਈਆਂ ਨੂੰ ਅੰਜਾਮ ਦਿੱਤਾ ਜਾ ਸਕਦਾ ਹੈ। ਇਹ ਖੁਲਾਸਾ ਫੈਡਰਲ ਲਾਅ ਐਨਫੋਰਸਮੈਂਟ ਸਰੋਤ ਵੱਲੋਂ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਕੀਤਾ ਗਿਆ।

ਅਮਰੀਕਾ ਦੀ ਰਾਜਧਾਨੀ ਨੂੰ ਸੁਰੱਖਿਅਤ ਰੱਖਣ ਲਈ ਨੈਸ਼ਨਲ ਗਾਰਡ ਨੂੰ 15000 ਟੁਕੜੀਆਂ ਵਾਸ਼ਿੰਗਟਨ ਭੇਜੇ ਜਾਣ ਦੇ ਹੁਕਮ ਦਿੱਤੇ ਗਏ ਹਨ। ਇਸ ਤੋਂ ਇਲਾਵਾ 24 ਜਨਵਰੀ ਤੱਕ ਸੈਲਾਨੀਆਂ ਨੂੰ ਵਾਸ਼ਿੰਗਟਨ ਮੌਨਿਊਮੈਂਟ ਦਾ ਦੌਰਾ ਕਰਨ ਤੋਂ ਰੋਕ ਦਿੱਤਾ ਗਿਆ ਹੈ। ਨੈਸ਼ਨਲ ਗਾਰਡ ਬਿਊਰੋ ਦੇ ਚੀਫ ਜਨਰਲ ਡੈਨੀਅਲ ਹੋਕਾਨਸਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਕਿਊਰਿਟੀ, ਲਾਜਿਸਟਿਕਸ ਤੇ ਕਮਿਊਨਿਕੇਸ਼ਨਜ਼ ਲਈ 10,000 ਸੈਨਿਕਾਂ ਦੇ ਸ਼ਨਿੱਚਰਵਾਰ ਤੱਕ ਵਾਸ਼ਿੰਗਟਨ ਪਹੁੰਚਣ ਦੀ ਉਮੀਦ ਹੈ। ਉਨ੍ਹਾਂ ਇਹ ਵੀ ਆਖਿਆ ਕਿ ਲੋਕਲ ਅਧਿਕਾਰੀਆਂ ਵੱਲੋਂ ਗੁਜ਼ਾਰਿਸ਼ ਕੀਤੇ ਜਾਣ ਉੱਤੇ ਇਹ ਅੰਕੜਾ 15000 ਤੱਕ ਵਧਾਇਆ ਵੀ ਜਾ ਸਕਦਾ ਹੈ।

# ਦੁਨੀਆਂ ਭਰ ਵਿੱਚ ਕੋਵਿਡ-19 ਦੇ ਮਾਮਲੇ 90 ਮਿਲੀਅਨ ਤੋਂ ਟੱਪੇ



ਲੰਡਨ, 11 ਜਨਵਰੀ (ਪੋਸਟ ਬਿਊਰੋ) : ਦੁਨੀਆਂ ਭਰ ਵਿੱਚ ਕੋਵਿਡ-19 ਦੇ ਮਾਮਲੇ ਅੱਜ 90 ਮਿਲੀਅਨ ਦੇ ਅੰਕੜੇ ਨੂੰ ਪਾਰ ਕਰ ਗਏ ਹਨ। ਕਈ ਦੇਸ਼ਾਂ ਵਿੱਚ ਵੈਕਸੀਨੇਸ਼ਨ ਦਾ ਕੰਮ ਵੀ ਜ਼ੋਰਾਂ ਉੱਤੇ ਚੱਲ ਰਿਹਾ ਹੈ ਤੇ ਕਰੋਨਾਵਾਇਰਸ ਦੇ ਨਵੇਂ ਵੇਰੀਐਂਟਸ ਤੋਂ ਬਚਣ ਲਈ ਕਈ ਥਾਂਵਾਂ ਉੱਤੇ ਲਾਕਡਾਊਨ ਵੀ ਲਾਇਆ ਜਾ ਰਿਹਾ ਹੈ।

ਕੋਵਿਡ-19 ਦੇ ਨਵੇਂ ਵੇਰੀਐਂਟਸ ਸੱਭ ਤੋਂ ਪਹਿਲਾਂ ਯੂਨਾਈਟਿਡ ਕਿੰਗਡਮ ਤੇ ਸਾਊਥ ਅਫਰੀਕਾ ਵਿੱਚ ਮਿਲੇ ਤੇ ਇਹ ਤੇਜ਼ੀ ਨਾਲ ਦੁਨੀਆ ਭਰ ਵਿੱਚ ਫੈਲ ਰਹੇ ਹਨ। ਰਾਇਟਰਜ਼ ਦੀ ਰਿਪੋਰਟ ਅਨੁਸਾਰ ਪਿਛਲੇ ਕੁੱਝ ਮਹੀਨਿਆਂ ਵਿੱਚ ਕਰੋਨਾਵਾਇਰਸ ਨੇ ਜ਼ੋਰ ਫੜ੍ਹਿਆ ਹੈ ਤੇ ਇਸ ਦੇ ਇੱਕ ਤਿਹਾਈ ਕੇਸ ਪਿਛਲੇ 48 ਦਿਨਾਂ ਵਿੱਚ ਰਜਿਸਟਰ ਕੀਤੇ ਗਏ। ਪਿਛਲੇ ਹਫਤੇ ਯੂਰਪ ਵਿੱਚ 25 ਮਿਲੀਅਨ ਮਾਮਲੇ ਰਿਪੋਰਟ ਕੀਤੇ ਗਏ ਤੇ ਇਸ ਸਮੇਂ ਇਹ ਦੁਨੀਆਂ ਭਰ ਦਾ ਸੱਭ ਤੋਂ ਵੱਧ ਪ੍ਰਭਾਵਿਤ ਇਲਾਕਾ ਬਣ ਚੁੱਕਿਆ ਹੈ। ਇਸ ਤੋਂ ਬਾਅਦ ਉੱਤਰੀ ਤੇ ਲੈਟਿਨ ਅਮਰੀਕਾ ਵਿੱਚ ਕੋਵਿਡ-19 ਦੇ ਸੱਭ ਤੋਂ ਵੱਧ ਮਾਮਲੇ ਪਾਏ ਗਏ ਹਨ ਜੋ ਕਿ ਕ੍ਰਮਵਾਰ 22•4 ਮਿਲੀਅਨ ਤੇ 16•3 ਮਿਲੀਅਨ ਬਣਦੇ ਹਨ।

ਕਰੋਨਾਵਾਇਰਸ ਕਾਰਨ ਹੋਈਆ ਮੌਤਾਂ ਵਿੱਚੋਂ 1•93 ਮਿਲੀਅਨ ਭਾਵ 31 ਫੀ ਸਦੀ ਤਾਂ ਯੂਰਪ ਵਿੱਚ ਹੀ ਹੋਈਆਂ ਹਨ।ਪਿਛਲੇ ਸ਼ੁੱਕਰਵਾਰ ਤੱਕ ਯੂਨਾਈਟਿਡ ਕਿੰਗਡਮ ਵਿੱਚ ਮਾਮਲੇ 3 ਮਿਲੀਅਨ ਤੋਂ ਵੀ ਟੱਪ ਗਏ ਸਨ। ਦੇਸ਼ ਭਰ ਵਿੱਚ ਫਰਵਰੀ ਦੇ ਮੱਧ ਤੱਕ ਲੋਕਾਂ ਦਾ ਟੀਕਾਕਰਣ ਕੀਤੇ ਜਾਣ ਦੀ ਸੰਭਾਵਨਾ ਹੈ ਤੇ ਪਤਝੜ ਤੱਕ ਦੇਸ਼ ਵਿੱਚ ਹਰ ਬਾਲਗ ਦਾ ਟੀਕਾਕਰਣ ਹੋਣ ਦੀ ਉਮੀਦ ਹੈ। ਕਰੋਨਾਵਾਇਰਸ ਦੇ ਨਵੇਂ ਵੇਰੀਐਂਟ ਨੂੰ ਰੋਕਣ ਲਈ ਦੇਸ਼ਾਂ ਨੇ ਆਵਾਜਾਈ ਉੱਤੇ ਰੋਕ ਲਾਉਣ ਦੇ ਨਾਲ ਨਾਲ ਕਾਰੋਬਾਰਾਂ ਉੱਤੇ ਪਾਬੰਦੀਆਂ ਵੀ ਲਾ ਦਿੱਤੀਆਂ ਹਨ।

ਜਰਮਨੀ ਦੀ ਚਾਂਸਲਰ ਐਂਜੇਲਾ ਮਾਰਕਲ ਤੇ ਸਟੇਟ ਪ੍ਰੀਮੀਅਰਜ਼ ਨੇ ਜਰਮਨੀ ਵਿੱਚ ਪਿਛਲੇ ਹਫਤੇ ਗੈਰ ਜ਼ਰੂਰੀ ਆਵਾਜਾਈ ਉੱਤੇ ਰੋਕ ਲਾਈ। ਫਰੈਂਚ ਅਧਿਕਾਰੀਆਂ ਨੇ ਵੀ ਮਾਰਸੀਏਲ ਵਿੱਚ ਸ਼ਾਮ ਵੇਲੇ ਦਾ ਕਰਫਿਊ ਲਾ ਦਿੱਤਾ। ਬੁੱਧਵਾਰ ਨੂੰ ਇੱਕ ਦਿਨ ਵਿੱਚ ਹੀ ਅਮਰੀਕਾ ਵਿੱਚ ਕੋਵਿਡ-19 ਕਾਰਨ ਮਰਨ ਵਾਲਿਆਂ ਦੀ ਗਿਣਤੀ 4000 ਤੱਕ ਪਹੁੰਚ ਗਈ। ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਦੇਸ਼ ਵਿੱਚ 22 ਮਿਲੀਅਨ ਕੇਸ ਤੋਂ ਵੱਧ ਰਿਕਾਰਡ ਕੀਤੇ ਜਾ ਚੁੱਕੇ ਹਨ ਤੇ ਪਿਛਲੇ ਸੱਤ ਦਿਨਾਂ ਵਿੱਚ ਔਸਤ ਮਾਮਲੇ 245,000 ਤੱਕ ਪਹੁੰਚ ਗਏ ਹਨ। ਏਸ਼ੀਆ ਵਿੱਚ ਭਾਰਤ ਵਿੱਚ ਪਿਛਲੇ ਮੰਗਲਵਾਰ ਕੋਵਿਡ-19 ਕਾਰਨ ਹੋਈਆਂ ਮੌਤਾਂ ਦੀ ਗਿਣਤੀ 150,000 ਤੱਕ ਅੱਪੜ ਗਈ ਤੇ ਇਸ ਮਾਮਲੇ ਵਿੱਚ ਇਹ ਤੀਜਾ ਦੇਸ਼ ਬਣ ਗਿਆ ਹੈ। ਦੇਸ਼ ਵੱਲੋਂ ਦੋ ਕੋਵਿਡ-19 ਵੈਕਸੀਨਜ਼ ਨੂੰ ਮਨਜ਼ੂਰੀ ਦਿੱਤੀ ਗਈ ਹੈ ਤੇ ਵੈਕਸੀਨੇਸ਼ਨ ਡਰਾਈਵ 16 ਜਨਵਰੀ ਤੋਂ ਸ਼ੁਰੂ ਕੀਤੀ ਜਾਵੇਗੀ। ਟੀਕਾਕਰਣ ਮਾਮਲੇ ਵਿੱਚ ਪਹਿਲ ਹੈਲਥਕੇਅਰ ਵਰਕਰਜ਼ ਤੇ ਫਰੰਟਲਾਈਨ ਵਰਕਰਜ਼ ਨੂੰ ਦਿੱਤੀ ਜਾਵੇਗੀ।

## ਪ੍ਰਾਊਡ ਬੌਇਜ਼ ਨੂੰ ਅੱਤਵਾਦੀ ਜਥੇਬੰਦੀਆਂ ਦੀ ਸੂਚੀ ਵਿੱਚ ਸ਼ਾਮਲ ਕਰਨ ਉੱਤੇ ਵਿਚਾਰ ਕਰ ਰਹੀ ਹੈ ਫੈਡਰਲ ਸਰਕਾਰ




ਓਟਵਾ, 11 ਜਨਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਪ੍ਰਾਊਡ ਬੌਇਜ਼ ਤੇ ਹੋਰਨਾਂ ਸੱਜੇ ਪੱਖੀ ਗਰੁੱਪਜ਼ ਨੂੰ ਕੈਨੇਡਾ ਦੀ ਅੱਤਵਾਦੀ ਜਥੇਬੰਦੀਆਂ ਦੀ ਸੂਚੀ ਵਿੱਚ ਸ਼ਾਮਲ ਕਰਨ ਉੱਤੇ ਵਿਚਾਰ ਕਰ ਰਹੀ ਹੈ।

ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ ਦੀ ਤਰਜ਼ਮਾਨ ਮੈਰੀ ਲਿਜ਼ ਪਾਵਰ ਦਾ ਕਹਿਣਾ ਹੈ ਕਿ ਪ੍ਰਾਊਡ ਬੌਇਜ਼ ਨਾਂ ਦਾ ਇਹ ਗਰੁੱਪ ਕੈਨੇਡਾ ਦੇ ਉਨ੍ਹਾਂ ਕਈ ਹੇਟ ਗਰੁੱਪਜ਼ ਵਿੱਚੋਂ ਇੱਕ ਹੈ ਜਿਨ੍ਹਾਂ ਦੀ ਸਰਕਾਰੀ ਅਧਿਕਾਰੀ ਪੂਰੀ ਨਿਗਰਾਨੀ ਕਰ ਰਹੇ ਹਨ ਤੇ ਅਜਿਹੇ ਗਰੁੱਪਜ਼ ਨੂੰ ਅੱਤਵਾਦੀ ਸੂਚੀ ਵਿੱਚ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪਿਛਲੇ ਹਫਤੇ ਵਾਸ਼ਿੰਗਟਨ, ਡੀਸੀ ਵਿੱਚ ਕੈਪੀਟਲ ਹਿੱਲ ਉੱਤੇ ਹੋਏ ਦੰਗਿਆਂ ਵਿੱਚ ਪ੍ਰਾਊਡ ਬੌਇਜ਼ ਗਰੁੱਪ ਦਾ ਨਾਂ ਬੋਲੇ ਜਾਣ ਤੋਂ ਬਾਅਦ ਇਹ ਖੁਲਾਸਾ ਕੀਤਾ ਗਿਆ।

ਪਾਵਰ ਨੇ ਇਹ ਨਹੀਂ ਦੱਸਿਆ ਕਿ ਇਸ ਗਰੁੱਪ ਉੱਤੇ ਨਜ਼ਰ ਰੱਖਣ ਦਾ ਸਿਲਸਿਲਾ ਅਧਿਕਾਰੀਆਂ ਵੱਲੋਂ ਕਦੋਂ ਸ਼ੁਰੂ ਕੀਤਾ ਗਿਆ ਸੀ। ਇਸ ਗਰੁੱਪ ਨੂੰ ਇੱਕ ਕੈਨੇਡੀਅਨ ਵਿਅਕਤੀ ਵੱਲੋਂ ਕਾਇਮ ਕੀਤਾ ਗਿਆ ਸੀ ਤੇ ਕਈ ਸੋਸ਼ਲ ਮੀਡੀਆ ਪਲੇਟਫਾਰਮ ਵੱਲੋਂ ਇਸ ਉੱਤੇ ਪਹਿਲਾਂ ਹੀ ਪਾਬੰਦੀ ਲਾਈ ਗਈ ਹੈ ਤੇ ਜਾਂ ਫਿਰ ਉਦੋਂ ਲਾ ਦਿੱਤੀ ਜਾਵੇਗੀ ਜਦੋਂ ਇਸ ਨੂੰ ਅੱਤਵਾਦੀ ਜਥੇਬੰਦੀ ਦਾ ਦਰਜਾ ਦੇ ਦਿੱਤਾ ਜਾਵੇਗਾ। ਪਾਵਰ ਨੇ ਆਖਿਆ ਕਿ ਇਹ ਕੋਈ ਸਿਆਸੀ ਕਾਰਵਾਈ ਨਹੀਂ ਹੈ ਸਗੋਂ ਇਹ ਕਾਨੂੰਨੀ ਪ੍ਰਕਿ੍ਰਆ ਹੈ ਜਿਸ ਲਈ ਸਬੂਤਾਂ ਤੇ ਖੁਫੀਆ ਜਾਣਕਾਰੀ ਦੀ ਲੋੜ ਹੈ।

# ਕਿਸਾਨਾਂ ਤੋਂ ਡਰੇ ਹਰਿਆਣੇ ਦੇ ਮੰਤਰੀ ਤੇ ਵਿਧਾਇਕ 26 ਜਨਵਰੀ ਨੂੰ ਝੰਡੇ ਨਹੀਂ ਲਹਿਰਾਉਣਗੇ

## * ਅਡਾਨੀ ਗਰੁੱਪ ਨੇਵੀ ਕਿਹਾ: ਅਸੀਂ ਕੰਟਰੈਕਟ ਫ਼ਾਰਮਿੰਗ ਨਹੀਂ ਕਰਾਂਗੇ



ਚੰਡੀਗੜ੍ਹ, 11 ਜਨਵਰੀ, (ਪੋਸਟ ਬਿਊਰੋ)- ਹਰਿਆਣਾ ਦੇਕਈ ਜ਼ਿਲਿਆਂ ਦੇ ਹੈੱਡਕੁਆਰਟਰਾਂਵਿੱਚਪਹਿਲੀ ਵਾਰ 26 ਜਨਵਰੀ ਨੂੰ ਕੋਈ ਮੰਤਰੀ ਨਹੀਂ, ਸਗੋਂ ਸਬੰਧਤ ਡਿਪਟੀ ਕਮਿਸ਼ਨਰ ਝੰਡੇ ਲਹਿਰਾਉਣਗੇ।

ਇਸ ਸੰਬੰਧ ਵਿੱਚ ਅਜੇ ਤੱਕ ਹਰਿਆਣਾ ਸਰਕਾਰ ਵੱਲੋਂ ਬਾਕਾਇਦਾ ਕੋਈ ਬਿਆਨ ਨਹੀਂ ਆਇਆ, ਪਰ ਸੂਤਰਾਂ ਦਾ ਕਹਿਣਾ ਹੈ ਕਿ ਕਿਸਾਨਾਂ ਦੇ ਸੰਘਰਸ਼ ਦੇ ਕਾਰਨ ਇਸ ਵਾਰ ਕੋਈ ਵੀ ਮੰਤਰੀ ਜਾਂ ਵਿਧਾਇਕ ਕਿਸੇ ਜ਼ਿਲੇ ਵਿੱਚ ਛੱਬੀ ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਝੰਡਾ ਝੁਲਾਉਣ ਨਹੀਂ ਜਾਣਾ ਚਾਹੁੰਦਾ ਅਤੇ ਇਹ ਜ਼ਿਮੇਵਾਰੀ ਡਿਪਟੀ ਕਮਿਸ਼ਨਰਾਂ ਨੂੰ ਦੇਣ ਦੀ ਸਲਾਹ ਲੱਗਭੱਗ ਪ੍ਰਵਾਨ ਕਰ ਲਈ ਗਈ ਹੈ। ਡਿਪਟੀਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਜੀਂਦ ਦੇ ਉਚਾਨਾ ਹਲਕੇ ਤੋਂ ਵਿਧਾਇਕ ਹਨ, ਪਰ ਸਰਕਾਰ ਦੇ ਕਿਸੇ ਮੰਤਰੀ ਨੇ ਝੰਡਾ ਲਹਿਰਾਉਣ ਲਈ 26 ਜਨਵਰੀ ਨੂੰ ਓਥੇ ਜਾਣ ਦੀਹਿੰਮਤ ਨਹੀਂ ਵਿਖਾਈ। ਕਿਸਾਨਾਂ ਦੇ ਡਰ ਕਾਰਨ ਕੋਈ ਵਿਧਾਇਕ ਜਾਂ ਮੰਤਰੀ ਓਥੇ ਝੰਡਾ ਲਹਿਰਾਉਣ ਨਹੀਂ ਜਾ ਰਿਹਾ, ਇਸ ਕਰ ਕੇਓਥੋਂ ਦੇ ਡਿਪਟੀ ਕਮਿਸ਼ਨਰ ਨੂੰ ਇਹ ਜਿੰਮਾ ਦਿੱਤਾ ਗਿਆ ਹੈ। ਏਦਾਂ ਹੀ ਕਈ ਹੋਰ ਜ਼ਿਲਿਆਂ ਵਿੱਚ ਓਥੋਂ ਦੇ ਸਰਕਾਰੀ ਅਧਿਕਾਰੀਆਂ ਨੂੰ ਇਸ ਤਰ੍ਹਾਂ ਦੀ ਜ਼ਿਮੇਵਾਰੀ ਨਿਭਾਉਣ ਨੂੰ ਕਿਹਾ ਜਾ ਰਿਹਾ ਹੇ।

ਅੱਜ ਜੀਂਦ ਦੇ ਟੋਲ ਪਲਾਜ਼ਾਵਿਖੇ ਧਰਨੇ ਉੱਤੇ ਬੈਠੇ ਕਿਸਾਨਾਂ ਦਾ ਕਹਿਣਾ ਸੀ ਕਿ ਸਰਕਾਰ ਕਿਸਾਨਾਂ ਤੋਂ ਡਰਦੀ ਹੈ, ਇਸੇ ਲਈ ਜੀਂਦ ਸਮੇਤ 8 ਜ਼ਿਲਿਆਂਵਿੱਚ ਕੋਈ ਮੰਤਰੀ ਨਹੀਂ ਆ ਰਿਹਾ ਤੇ ਸਬੰਧਤ ਜ਼ਿਲਿਆਂ ਦੇ ਅਧਿਕਾਰੀ ਝੰਡਾ ਲਹਿਰਾਉਣਗੇ। ਇਹ ਹਰਿਆਣਾ ਵਿਚ ਪਹਿਲਾ ਮੌਕਾ ਹੈ, ਜਦੋਂ ਜ਼ਿਲਿਆਂ ਵਿੱਚ ਮੰਤਰੀ ਨਹੀਂ, ਉਨ੍ਹਾਂਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਇਸ ਤਰ੍ਹਾਂ ਦੀ ਜ਼ਿਮੇਵਾਰੀ ਨਿਭਾਉਣ ਦੇ ਲਈ ਕਿਹਾ ਜਾ ਰਿਹਾ ਹੈ।

ਦੂਸਰੇ ਪਾਸੇ ਭਾਰਤ ਦੇ ਪ੍ਰਮੁੱਖ ਘਰਾਣੇ, ਜਿਹੜਾ ਕਿਸਾਨ ਸੰਘਰਸ਼ ਦੇ ਨਿਸ਼ਾਨੇ ਉੱਤੇ ਹੈ, ਅਡਾਨੀ ਗਰੁੱਪ ਨੇ ਅੱਜ ਇਹ ਐਲਾਨ ਕੀਤਾ ਹੈ ਕਿ ਇਹ ਕੰਪਨੀ ਕੰਟਰੈਕਟ ਫ਼ਾਰਮਿੰਗ ਦੇ ਖੇਤਰ ਵਿੱਚ ਨਹੀਂ ਆਏਗੀ। ਕੰਪਨੀ ਨੇ ਕਿਹਾ ਹੈ ਕਿ ਅਡਾਨੀ ਗਰੁੱਪ ਦਾ ਭਵਿੱਖਵਿੱਚ ਕੰਟਰੈਕਟ ਫ਼ਾਰਮਿੰਗ ਦਾ ਕੋਈ ਇਰਾਦਾ ਨਹੀਂ। ਇਸ ਤੋਂ ਪਹਿਲਾਂ ਰਿਲਾਇੰਸ ਘਰਾਣੇ ਨੇ ਵੀ ਪਿਛਲੇ ਹਫਤੇ ਸਪਸ਼ਟ ਕਹਿ ਦਿੱਤਾ ਸੀ ਕਿ ਉਹ ਕੰਟਰੈਕਟ ਫ਼ਾਰਮਿੰਗ ਨਹੀਂ ਕਰਨਗੇ।

ਅਡਾਨੀ ਐਗਰੀ ਲੌਜਿਸਟਿਕਸ ਦੇ ਵਿਰੁੱਧ ਚੱਲਦੇ ਪ੍ਰਚਾਰ ਉੱਤੇ ਪਹਿਲੀ ਵਾਰ ਖੁੱਲ੍ਹ ਕੇ ਆਪਣੀ ਗੱਲ ਰੱਖਦੇ ਹੋਏ ਇਸ ਗਰੁੱਪ ਦੇ ਮੀਤ ਪ੍ਰਧਾਨ ਪੁਨੀਤ ਮਹਿੰਦੀਰੱਤਾ ਨੇ ਕਿਹਾ ਕਿ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਸਾਨੂੰ ਇਸ ਗੱਲ ਦੀ ਪਹਿਲਾਂ ਤੋਂ ਜਾਣਕਾਰੀ ਸੀ ਕਿ ਸਰਕਾਰ ਖੇਤੀ ਬਿੱਲ ਲਿਆਉਣ ਵਾਲੀ ਹੈ, ਇਸ ਲਈ ਪੰਜਾਬ ਦੇ ਮੋਗਾ ਜ਼ਿਲ੍ਹੇਵਿੱਚ ਪਹਿਲਾਂ ਤੋਂ ਹੀ ਸਾਇਲੋ ਬਣਾ ਲਿਆ ਸੀ, ਜਿਸ ਵਿੱਚ ਅਨਾਜ ਦਾ ਅਤਿ-ਆਧੁਨਿਕ ਅਤੇ ਵਿਗਿਆਨਕ ਢੰਗ ਨਾਲ ਭੰਡਾਰ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕੰਪਨੀ ਬਾਰੇ ਇਹ ਧਾਰਨਾ ਠੀਕ ਨਹੀਂ ਹੈ।

# ਫੌਜੀ ਅਫਸਰ ਨੇ ਵੀਹ ਲੱਖ ਦਾ ਇਨਾਮ ਲੈਣ ਲਈ ਕੀਤਾ ਸੀ ਸ਼ੋਪੀਆਂ ਮੁਕਾਬਲਾ

ਸ਼ੋਪੀਆਂ (ਕਸ਼ਮੀਰ), 11 ਜਨਵਰੀ (ਪੋਸਟ ਬਿਊਰੋ)- ਸ਼ੋਪੀਆਂ ਵਿੱਚ ਪਿਛਲੇ ਸਾਲ ਹੋਏ ਫਰਜ਼ੀ ਮੁਕਾਬਲੇ ਵਿੱਚ ਸ਼ਾਮਲ ਫੌਜੀ ਕਪਤਾਨ ਨੇ ਵੀਹ ਲੱਖ ਰੁਪਏ ਦਾ ਇਨਾਮ ਲੈਣ ਲਈ ਦੋ ਜਣਿਆਂ ਨਾਲ ਮਿਲ ਕੇ ਸਾਜ਼ਿਸ਼ ਰਚੀ ਸੀ। ਉਕਤ ਫਰਜ਼ੀ ਮੁਕਾਬਲੇ ਵਿੱਚ ਤਿੰਨ ਨੌਜਵਾਨ ਮਾਰੇ ਗਏ ਸਨ। ਉਸ ਨੇ ਫੌਜ ਦੇ ਜਵਾਨਾਂ ਵੱਲੋਂ ਇਲਾਕੇ ਦੀ ਘੇਰਾਬੰਦੀ ਕੀਤੇ ਜਾਣ ਤੋਂ ਪਹਿਲਾਂ ਹੀ ਪੀੜਤਾਂ ਨੂੰ ਗੋਲੀਆਂ ਮਾਰ ਦਿੱਤੀਆਂ ਸਨ। ਇਹ ਦਾਅਵਾ ਪੁਲਸ ਨੇ ਦੋਸ਼ ਪੱਤਰ ਵਿੱਚ ਕੀਤਾ ਹੈ।

ਕੈਪਟਨ ਭੁਪਿੰਦਰ ਸਿੰਘ ਇਸ ਵੇਲੇ ਫੌਜ ਦੀ ਹਿਰਾਸਤ ਵਿੱਚ ਹੈ। ਸੂਤਰਾਂ ਅਨੁਸਾਰ ਉਸ ਦਾ ਕੋਰਟ ਮਾਰਸ਼ਲ ਹੋ ਸਕਦਾ ਹੈ। ਇਹ ਮਾਮਲਾ 18 ਜੁਲਾਈ 2020 ਨੂੰ ਇਥੇ ਅਮਸ਼ੀਪੁਰਾ ਵਿੱਚ ਹੋਏ ਮੁਕਾਬਲੇ ਨਾਲ ਸਬੰਧਤ ਹੈ, ਜਿਸ ਵਿੱਚ ਰਾਜੌਰੀ ਜ਼ਿਲ੍ਹੇ ਦੇ ਨੌਜਵਾਨ ਇਮਤਿਆਜ਼ ਅਹਿਮਦ, ਅਬਰਾਰ ਅਹਿਮਦ ਤੇ ਮੁਹੰਮਦ ਇਬਰਾਰ ਮਾਰੇ ਗਏ ਸਨ ਅਤੇ ਉਨ੍ਹਾਂ ਨੂੰ ਅੱਤਵਾਦੀ ਦੱਸਿਆ ਗਿਆ ਸੀ।ਜ਼ਿਲ੍ਹੇ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਕੋਲ ਦਾਇਰ ਕੀਤੇ ਗਏ ਦੋਸ਼ ਪੱਤਰ ਵਿੱਚ ਦੋ ਨਾਗਰਿਕਾਂ ਤਾਬਿਸ਼ ਨਜ਼ੀਰ ਤੇ ਬਿਲਾਲ ਅਹਿਮਦ ਲੋਨ ਦੀਇਸ ਕੇਸ ਵਿੱਚ ਭੂਮਿਕਾ ਦਾ ਜ਼ਿਕਰ ਵੀ ਕੀਤਾ ਗਿਆ ਹੈ। ਲੋਨ ਸਰਕਾਰੀ ਗਵਾਹ ਬਣ ਚੁੱਕਾ ਹੈ ਅਤੇ ਉਸ ਨੇ ਇੱਕ ਮੈਜਿਸਟਰੇਟ ਕੋਲ ਬਿਆਨ ਦਰਜ ਕਰਾਏ ਸਨ। ਸੋਸ਼ਲ ਮੀਡੀਆ ’ਤੇ ਇਹ ਰਿਪੋਰਟਾਂ ਪੇਸ਼ ਹੋਣ ਤੋਂ ਬਾਅਦ ਕਿ ਇਨ੍ਹਾਂ ਤਿੰਨੇ ਨੌਜਵਾਨਾਂ ਦਾ ਅੱਤਵਾਦ ਨਾਲ ਕੋਈ ਲੈਣਾ-ਦੇਣਾ ਨਹੀਂ ਸੀ, ਫੌਜ ਨੇ ਮਾਮਲੇ ਵਿੱਚ ਕੋਰਟ ਆਫ ਇਨਕੁਆਰੀ ਦਾ ਹੁਕਮ ਦਿੱਤਾ ਸੀ ਜਿਸ ਨੇ ਸਤੰਬਰ ਵਿੱਚ ਮਾਮਲੇ ਦੀ ਜਾਂਚ ਪੂਰੀ ਕੀਤੀ ਸੀ। ਉਸ ਨੂੰ ਇਸ ਦੇ ਪਹਿਲੀ ਨਜ਼ਰੇ ਸਬੂਤ ਮਿਲੇ ਸਨ ਕਿ ਸੈਨਿਕਾਂ ਨੇ ਹਥਿਆਰਬੰਦ ਫੌਜਾਂ ਵਿਸ਼ੇਸ਼ ਪਾਵਰ ਐਕਟ (ਅਫਸਪਾ) ਅਧੀਨ ਮਿਲੀਆਂ ਸ਼ਕਤੀਆਂ ਦੀ ਦੁਰਵਰਤੋਂ ਕੀਤੀ ਸੀ। ਇਸ ਆਧਾਰ ’ਤੇ ਫੌਜ ਨੇ ਅਨੁਸ਼ਾਸਨੀ ਕਾਰਵਾਈ ਆਰੰਭ ਦਿੱਤੀ ਸੀ। ਪੁਲਸ ਵੱਲੋਂ ਦਾਇਰ ਕੀਤੇ ਪੱਤਰ ਵਿੱਚ ਚਾਰ ਫੌਜੀਆਂ ਸੂਬੇਦਾਰ ਗਾਰੂ ਰਾਮ, ਲਾਂਸ ਨਾਇਕ ਰਵੀ ਕੁਮਾਰ, ਸਿਪਾਹੀ ਅਸ਼ਵਨੀ ਕੁਮਾਰ ਤੇ ਯੋਗੇਸ਼ ਦੇ ਬਿਆਨ ਵੀ ਹਨ, ਜੋ ਘਟਨਾ ਵੇਲੇ ਕੈਪਟਨ ਭੁਪਿੰਦਰ ਸਿੰਘ ਦੀ ਟੀਮ ਵਿੱਚ ਸਨ। ਉਨ੍ਹਾਂ ਕਿਹਾ ਕਿ ਮੌਕੇ ’ਤੇ ਪਹੁੰਚਣ ਉਤੇ ਉਨ੍ਹਾਂ ਚਾਰਾਂ ਨੂੰ ਵੱਖ-ਵੱਖ ਦਿਸ਼ਾਵਾਂ ਵਿੱਚ ਜਾ ਕੇ ਇਲਾਕੇ ਦੀ ਘੇਰਾਬੰਦੀ ਕਰਨ ਲਈ ਕਿਹਾ ਗਿਆ ਸੀ। ਜਦੋਂ ਉਹ ਵਾਹਨ ਤੋਂ ਉਤਰ ਕੇ ਪੈਦਲ ਅੱਗੇ ਵਧ ਰਹੇ ਸਨ ਤਾਂ ਉਨ੍ਹਾਂ ਨੂੰ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਉਪਰੰਤ ਕੈਪਟਨ ਭੁਪਿੰਦਰ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਲੁਕੇ ਹੋਏ ਅੱਤਵਾਦੀ ਦੌੜਨ ਦੀ ਕੋਸ਼ਿਸ਼ ਕਰ ਰਹੇ ਸਨ, ਇਸ ਵਾਸਤੇ ਉਸ ਨੂੰ ਗੋਲੀਆਂ ਚਲਾਉਣੀਆਂ ਪਈਆਂ। ਦੋਸ਼ ਪੱਤਰ ਮੁਤਾਬਕ ਫਰਜ਼ੀ ਮੁਕਾਬਲੇ ਤੋਂ ਬਾਅਦ ਕੈਪਟਨ ਅਤੇ ਦੋ ਨਾਗਰਿਕਾਂ ਨੇ ਅਪਰਾਧ ਦੇ ਸਬੂਤ ਮਿਟਾਉਣ ਦੀ ਕੋਸ਼ਿਸ਼ ਕੀਤੀ ਤੇ ਉਨ੍ਹਾਂ ਨੇ ਇਹ ਸਾਜ਼ਿਸ਼ ਵੀਹ ਲੱਖ ਰੁਪਏ ਦਾ ਇਨਾਮ ਲੈਣ ਲਈ ਰਚੀ ਸੀ। ਕੈਪਟਨ ਨੇ ਆਪਣੇ ਸੀਨੀਅਰ ਅਫਸਰਾਂ ਨੂੰ ਵੀ ਗਲਤ ਜਾਣਕਾਰੀ ਦਿੱਤੀ ਸੀ।

# 2020 ਦੇ ਬ੍ਰੈਂਪਟਨ ਸਿਟੀਜ਼ਨ ਅਵਾਰਡਸ ਲਈ ਖਾਸ ਨਿਵਾਸੀ ਨੂੰ ਨਾਮਾਂਕਿਤ ਕਰੋ!

ਬ੍ਰੈਂਪਟਨ, ਓਨਟੈਰੀਓ : ਸਿਟੀ ਆਫ ਬ੍ਰੈਂਪਟਨ, 2020 ਦੇ ਬ੍ਰੈਂਪਟਨ ਸਿਟੀਜ਼ਨ ਅਵਾਰਡਸ ਲਈ ਨਾਮਾਂਕਣ ਸਵੀਕਾਰ ਕਰ ਰਹੀ ਹੈ। 16 ਫਰਵਰੀ, 2021 ਤੋਂ ਪਹਿਲਾਂ, ਖਾਸ ਐਥਲੀਟਸ, ਵਾਲੰਟੀਅਰਸ ਜਾਂ ਲੋਕਲ ਹੀਰੋਜ ਨੂੰ ਨਾਮਾਂਕਿਤ ਕਰੋ। ਬ੍ਰੈਂਪਟਨ ਸਿਟੀਜ਼ਨ ਅਵਾਰਡਸ, ਉਹਨਾਂ ਨਿਵਾਸੀਆਂ ਨੂੰ ਸਨਮਾਨਿਤ ਕਰਦੇ ਹਨ, ਜਿਹਨਾਂ ਨੇ 2020 ਦੇ ਕੈਲੰਡਰ ਸਾਲ ਦੇ ਦੌਰਾਨ ਅਰਥਪੂਰਨ ਯੋਗਦਾਨ ਪਾਇਆ ਹੈ ਜਾਂ ਹੇਠਾਂ ਦਿੱਤੀਆਂ ਸ਼੍ਰੇਣੀਆਂ ਵਿੱਚੋਂ ਕਿਸੇ ਇੱਕ ਵਿੱਚ ਖਾਸ ਉਪਲਬਧੀ ਹਾਸਲ ਕੀਤੀ ਹੈ:

· ਸਪੋਰਟਸ ਅਚੀਵਮੈਂਟ ਅਵਾਰਡ ਬ੍ਰੈਂਪਟਨ ਦੇ ਉਹਨਾਂ ਨਿਵਾਸੀਆਂ ਨੂੰ ਸਨਮਾਨਿਤ ਕਰਦਾ ਹੈ, ਜਿਹਨਾਂ ਦੀਆਂ ਉਪਲਬਧੀਆਂ ਨੂੰ ਸੂਬਾਈ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਮਿਲੀ ਹੈ।

· ਕੇਨ ਗਾਈਲਸ ਐਮਚਰ ਐਥਲੀਟ ਆਫ ਦ ਯੀਅਰ ਅਵਾਰਡ ਉਸ ਖਾਸ ਵਿਅਕਤੀ ਨੂੰ ਦਿੱਤਾ ਜਾਂਦਾ ਹੈ, ਜਿਸਨੇ ਆਪਣੀ ਸਬੰਧਤ ਸਪੋਰਟ ਵਿੱਚ ਗੈਰ-ਪੇਸ਼ਾਵਰ ਪੱਧਰ ਤੇ ਮਹੱਤਵਪੂਰਣ ਅਸਰ ਪਾਇਆ ਹੈ ਅਤੇ/ਜਾਂ ਅਸਧਾਰਨ ਉਪਲਬਧੀ ਹਾਸਲ ਕੀਤੀ ਹੈ।

· ਆਰਟਸ ਅਕਲੇਮ ਅਵਾਰਡ ਉਹਨਾਂ ਵਿਅਕਤੀਆਂ ਨੂੰ ਸਨਮਾਨਿਤ ਕਰਦਾ ਹੈ, ਜਿਹਨਾਂ ਦੇ ਯੋਗਦਾਨਾਂ ਨੇ, ਲੋਕਲ, ਸੂਬਾਈ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ ਤੇ ਪ੍ਰਸਿੱਧੀ ਹਾਸਲ ਕਰਨ ਦੇ ਸੰਦਰਭ ਵਿੱਚ ਮਹੱਤਵਪੂਰਣ ਅਸਰ ਪਾਇਆ ਹੈ। · ਲੌਂਗ ਟਰਮ ਸਰਵਿਸ ਅਵਾਰਡ ਉਹਨਾਂ ਸਮਰਪਿਤ ਵਾਲੰਟੀਅਰਸ ਨੂੰ ਸਨਮਾਨਿਤ ਕਰਦਾ ਹੈ, ਜਿਹਨਾਂ ਦੇ ਯਤਨਾਂ ਨੇ, ਰੇਕ੍ਰੀਏਸ਼ਨਲ ਸਪੋਰਟਸ, ਕਲਾ ਅਤੇ ਭਾਈਚਾਰਕ ਸੋਸ਼ਲ ਸਰਵਿਸਿਜ ਦੇ ਵਿਕਾਸ ਅਤੇ ਉੱਨਤੀ ਤੇ ਮਹੱਤਵਪੂਰਣ ਅਸਰ ਪਾਇਆ ਹੈ।

· ਇੰਸਪਿਰੇਸ਼ਨਲ ਅਵਾਰਡ ਬ੍ਰੈਂਪਟਨ ਦੇ ਉਹਨਾਂ ਨਿਵਾਸੀਆਂ ਨੂੰ ਸਨਮਾਨਿਤ ਕਰਦਾ ਹੈ, ਜੋ ਮਨੁੱਖ ਦੇ ਹਿੱਤਾਂ ਲਈ ਕੀਤੇ ਜਾਣ ਵਾਲੇ (ਮਾਨਵ ਹਿਤੈਸ਼ੀ) ਕਾਰਜਾਂ ਦੀ ਹਿਮਾਇਤ ਕਰਦੇ ਹਨ ਜਾਂ ਖੁਦ ਅਜਿਹੇ ਕੰਮ ਕਰਦੇ ਹਨ, ਜਾਂ ਜਿਹਨਾਂ ਨੇ ਦੂਜਿਆਂ ਤੇ ਪ੍ਰੇਰਨਾ ਦੇਣ ਵਾਲਾ ਅਸਰ ਪਾਇਆ ਹੈ।

· ਐਮਰਜੈਂਸੀ ਸਰਵਿਸਿਜ ਅਵਾਰਡ ਆਫ ਵੈਲਰ ਅਜਿਹੇ ਵਿਅਕਤੀਆਂ ਨੂੰ ਸਨਮਾਨਿਤ ਕਰਦਾ ਹੈ, ਜਿਹਨਾਂ ਨੇ ਕਿਸੇ ਦੂਜੇ ਵਿਅਕਤੀ ਦਾ ਜੀਵਨ ਬਚਾਉਣ ਲਈ ਬਹਾਦਰੀ ਵਾਲਾ ਕੰਮ ਕਰਦੇ ਹੋਏ, ਵਾਲੰਟੀਅਰ ਦੇ ਤੌਰ ਤੇ ਆਪਣੇ ਜੀਵਨ ਨੂੰ ਜੋਖਮ ਵਿੱਚ ਪਾਇਆ।

· ਸਿਟੀਜ਼ਨਸ ਆਫ ਦ ਯੀਅਰ ਅਵਾਰਡਸ ਬ੍ਰੈਂਪਟਨ ਦੇ ਹਰ ਉਮਰ ਦੇ ਉਹਨਾਂ ਵਾਲੰਟੀਅਰਸ ਨੂੰ ਸਨਮਾਨਿਤ ਕਰਦਾ ਹੈ, ਜਿਹਨਾਂ ਨੇ 2020 ਵਿੱਚ, ਜੋਸ਼ੀਲੀ, ਸਮਰਪਿਤ ਭਾਈਚਾਰਕ ਸ਼ਮੂਲੀਅਤ ਦਰਸਾਈ ਹੈ।

ਇੱਕ ਸਲੈਕਸ਼ਨ ਕਮੇਟੀ ਨੂੰ ਸਾਰੇ ਨਾਮਾਂਕਣਾਂ ਦੀ ਸਮੀਖਿਆ ਕਰਨ ਲਈ ਨਿਯੁਕਤ ਕੀਤਾ ਗਿਆ ਹੈ। ਇਸ ਕਮੇਟੀ ਵਿੱਚ, ਅਵਾਰਡ ਸ਼੍ਰੇਣੀਆਂ ਵਿੱਚ ਵਿਸ਼ੇ ਸਬੰਧੀ ਮੁਹਾਰਤ ਵਾਲੇ ਭਾਈਚਾਰਕ ਮੈਂਬਰਾਂ ਦੇ ਨਾਲ-ਨਾਲ, ਸ਼ਹਿਰ ਦੇ ਚੁਣੇ ਹੋਏ ਅਫ਼ਸਰ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ , ਬ੍ਰੈਂਪਟਨ ਸਪੋਰਟਸ ਅਲਾਈਂਸ, ਬ੍ਰੈਂਪਟਨ ਸੀਨੀਅਰਸ ਕਾਉਂਸਿਲ ਅਤੇ ਪੀਲ ਰੀਜਨਲ ਪੁਲਿਸ ਸ਼ਾਮਲ ਹਨ।

2019 ਦੇ ਬ੍ਰੈਂਪਟਨ ਸਿਟੀਜ਼ਨ ਅਵਾਰਡਸ ਕੋਵਿਡ-19 ਦੇ ਕਾਰਨ, ਸਿਟੀ ਆਫ ਬ੍ਰੈਂਪਟਨ, 2019 ਦੇ ਬ੍ਰੈਂਪਟਨ ਸਿਟੀਜ਼ਨ ਅਵਾਰਡਸ ਪ੍ਰਾਪਤ ਕਰਨ ਵਾਲਿਆਂ ਨੂੰ ਸਨਮਾਨਿਤ ਕਰਨ ਲਈ, ਵਿਅਕਤੀਗਤ ਕਾਰਜਕਰਮ ਦਾ ਆਯੋਜਨ ਨਹੀਂ ਕਰ ਸਕੀ। ਜਿਹਨਾਂ ਨੂੰ 2019 ਵਿੱਚ ਅਵਾਰਡ ਮਿਲੇ ਹਨ, ਉਹਨਾਂ ਨੂੰ ਇਸ ਸਾਲ, 2020 ਦੇ ਅਵਾਰਡ ਪ੍ਰਾਪਤ ਕਰਨ ਵਾਲਿਆਂ ਦੇ ਨਾਲ ਸਨਮਾਨਿਤ ਕੀਤਾ ਜਾਵੇਗਾ।

ਹਵਾਲੇ

“ਬ੍ਰੈਂਪਟਨ ਸਿਟੀਜ਼ਨ ਅਵਾਰਡਸ, ਖਾਸ ਬ੍ਰੈਂਪਟਨ ਵਾਸੀਆਂ ਨੂੰ ਸਨਮਾਨਿਤ ਕਰਨ ਦਾ ਇੱਕ ਮਹੱਤਵਪੂਰਣ ਮੌਕਾ ਹੈ। ਇਹਨਾਂ ਅਵਾਰਡਾਂ ਵਿੱਚ ਮਾਣ ਛੁਪਿਆ ਹੋਇਆ ਹੈ। ਇਹ ਹਰ ਕਿਸੇ ਨੂੰ ਸਾਡੇ ਭਾਈਚਾਰੇ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਦੇ ਹਨ। ਇਹ ਸਾਡੇ ਨਾਗਰਿਕਾਂ ਦੇ ਅਰਥਪੂਰਣ ਯੋਗਦਾਨਾਂ ਲਈ ਉਹਨਾਂ ਨੂੰ ਸਨਮਾਨਿਤ ਕਰਦੇ ਹਨ। ਅੱਜ ਹੀ ਕਿਸੇ ਨਿਵਾਸੀ ਨੂੰ ਨਾਮਾਂਕਿਤ ਕਰੋ!”

- ਪੈਟਰਿਕ ਬ੍ਰਾਊਨ, ਮੇਅਰ, ਸਿਟੀ ਆਫ ਬ੍ਰੈਂਪਟਨ “ਬ੍ਰੈਂਪਟਨ ਸਿਟੀਜ਼ਨ ਅਵਾਰਡਸ, 1974 ਤੋਂ ਸਾਡੇ ਭਾਈਚਾਰੇ ਵਿੱਚ ਇੱਕ ਪਰੰਪਰਾ ਹੈ। ਅਸੀਂ ਸਾਡੇ ਭਾਈਚਾਰੇ ਵਿੱਚ ਸਨਮਾਨਿਤ ਕਰਨ ਲਈ, ਬ੍ਰੈਂਪਟਨ ਦੇ ਉਹਨਾਂ ਐਥਲੀਟਾਂ, ਵਾਲੰਟੀਅਰਸ ਅਤੇ ਹੀਰੋਜ ਨੂੰ ਲੱਭ ਰਹੇ ਹਾਂ, ਜਿਹਨਾਂ ਨੇ 2020 ਵਿੱਚ ਹਰ ਸਮੇਂ ਸਾਡੇ ਸ਼ਹਿਰ ਵਿੱਚ ਮਹੱਤਵਪੂਰਣ ਅਸਰ ਪਾਇਆ ਹੈ।”

- ਮਾਰਟਿਨ ਮੇਡੇਇਰੋਸ, ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਸਿਟੀਜ਼ਨਸ ਅਵਾਰਡਸ ਕਮੇਟੀ, ਸਿਟੀ ਆਫ ਬ੍ਰੈਂਪਟਨ “2020 ਦੇ ਬ੍ਰੈਂਪਟਨ ਸਿਟੀਜ਼ਨ ਅਵਾਰਡਸ ਲਈ ਨਾਮਾਂਕਣ ਹੁਣ ਸ਼ੁਰੂ ਹੋ ਗਏ ਹਨ! ਹਰ ਸਾਲ, ਅਸੀਂ ਇਹਨਾਂ ਅਵਾਰਡਾਂ ਲਈ ਪ੍ਰਸਤੁਤੀਆਂ ਦਾ ਅਸਧਾਰਨ ਸਕੋਪ ਦੇਖਦੇ ਹਾਂ। ਬ੍ਰੈਂਪਟਨ ਵਾਸੀ, ਰੋਜ਼ਾਨਾ ਸਾਡੇ ਸ਼ਾਨਦਾਰ ਸ਼ਹਿਰ ਵਿੱਚ ਅਸਲ ਵਿੱਚ ਤਬਦੀਲੀ ਲਿਆਉਂਦੇ ਹਨ। ਸਲੈਕਸ਼ਨ ਕਮੇਟੀ ਨੂੰ ਬੇਸਬਰੀ ਨਾਲ, ਇਸ ਸਾਲ ਦੇ ਨਾਮਾਂਕਿਤ ਵਿਅਕਤੀਆਂ ਨੂੰ ਦੇਖਣ ਅਤੇ ਅਵਾਰਡ ਹਾਸਲ ਕਰਨ ਵਾਲਿਆਂ ਨੂੰ ਚੁਣਨ ਦੀ ਉਡੀਕ ਹੈ।”

- ਹਰਕੀਰਤ ਸਿੰਘ, ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ “ਬ੍ਰੈਂਪਟਨ, ਤਬਦੀਲੀ ਲਿਆਉਣ ਵਾਲਿਆਂ ਨਾਲ ਭਰਪੂਰ ਹੈ। ਬ੍ਰੈਂਪਟਨ ਸਿਟੀਜ਼ਨ ਅਵਾਰਡਸ, ਸਾਡੇ ਭਾਈਚਾਰੇ ਵਿੱਚ ਉਹਨਾਂ ਦੇ ਖਾਸ ਯੋਗਦਾਨਾਂ ਨੂੰ ਸਨਮਾਨਿਤ ਕਰਦੇ ਹਨ। ਐਥਲੀਟਾਂ, ਵਾਲੰਟੀਅਰਸ ਤੋਂ ਲੈ ਕੇ ਲੋਕਲ ਹੀਰੋਜ ਤੱਕ, ਆਪਣੇ ਮਨਪਸੰਦ ਕਿਸੇ ਵੀ ਅਜਿਹੇ ਵਿਅਕਤੀ ਨੂੰ ਨਾਮਾਂਕਿਤ ਕਰੋ, ਜਿਸਨੇ 2020 ਵਿੱਚ ਸ਼ਾਨਦਾਰ ਅਸਰ ਪਾਇਆ ਹੈ।”

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

## ਅੱਜ ਨਾਮਾ

ਅੱਗੇ ਅਦਾਲਤ ਦੇ ਅੱਜ ਜਦ ਹੋਈ ਪੇਸ਼ੀ,
ਮੁੜ-ਮੁੜ ਪਈ ਸਰਕਾਰ ਨੂੰ ਝਾੜ ਬੇਲੀ।
ਕਿਹਾ ਜੱਜਾਂ ਨੇ ਸਿਰੇ ਨਹੀਂ ਗੱਲ ਲਾਉਂਦੀ,
ਰਹੀ ਇਹ ਮੁੱਦਾ ਸਰਕਾਰ ਵਿਗਾੜ ਬੇਲੀ।
ਧਰਨਾ ਚੁੱਕਣ ਕਿਰਸਾਨ ਸਰਕਾਰ ਆਖੇ,
ਕਿਹਾ ਨਾ ਜੱਜਾਂਨੇ, ਦਿਓ ਉਖਾੜ ਬੇਲੀ।
ਨਵੀਂਆਂ ਧਿਰਾਂ ਵੀ ਕੁਝ ਨੇ ਪੇਸ਼ ਹੋਈਆਂ,
ਜਿੱਦਾਂ ਆਉਂਦੀ ਆ ਮਾਂਗਵੀ ਧਾੜ ਬੇਲੀ।
ਲੱਗਿਆ ਮੂਡ ਅਦਾਲਤ ਦਾ ਅੱਜ ਸੋਹਣਾ,
ਕੱਲ੍ਹ ਨੂੰ ਰਹੇਗਾ, ਕੋਈ ਨਾ ਕਹਿ ਸਕਦਾ।
ਮਗਰੋਂ ਬਹਿਸ ਦੇ ਆਊ ਜਦ ਫੈਸਲਾ ਤੇ,
ਵਹਿਣ ਕਿਸੇ ਵੀ ਪਾਸੇ ਨੂੰ ਵਹਿ ਸਕਦਾ।

**ਤੀਸ ਮਾਰ ਖਾਂ**

ਭਾਰਤ ਦੇ ਖੇਤੀ ਕਾਨੂੰਨ

# ਸੁਪਰੀਮ ਕੋਰਟ ਨੇ ਕਿਹਾ: ਸਰਕਾਰ ਕਾਨੂੰਨਾਂ ਨੂੰ ਰੋਕ ਲਾਏਗੀ ਜਾਂ ਅਸੀਂ ਹੁਕਮ ਦੇਈਏ

ਨਵੀਂ ਦਿੱਲੀ, 11 ਜਨਵਰੀ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਨਵੇਂ ਖੇਤੀ ਕਾਨੂੰਨ ਵਾਪਸ ਕਰਨ ਦੀ ਮੰਗ ਬਾਰੇ ਅੱਜਸੋਮਵਾਰ ਕਿਸਾਨਾਂ ਦੇ ਅੰਦੋਲਨ ਦੇ 48ਵੇਂ ਦਿਨ ਸੁਪਰੀਮ ਕੋਰਟ ਵਿੱਚਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਸਮੇਤ ਕਿਸਾਨੀ ਅੰਦੋਲਨ ਨਾਲ ਸਬੰਧਤ ਕਈ ਅਰਜ਼ੀਆਂ ਦੀ ਸੁਣਵਾਈ ਹੋਈ। ਇਸ ਮੌਕੇ ਸੁਪਰੀਮ ਕੋਰਟ ਨੇ ਸਰਕਾਰ ਨੂੰ ਅੱਜ ਵਾਰ-ਵਾਰ ਸਖਤ ਝਾੜ ਪਈ ਕਿ ਉਹ ਗੱਲ ਕਿਸੇ ਪਾਸੇ ਨਹੀਂ ਲਾਉਂਦੀ।

ਇਸ ਮੌਕੇ ਚੀਫ ਜਸਟਿਸ ਐਸ ਏ ਬੋਬੜੇ ਨੇ ਨਰਿੰਦਰ ਮੋਦੀ ਸਰਕਾਰ ਨੂੰ ਕਿਹਾ ਕਿ 'ਜਿਵੇਂ ਪ੍ਰਕਿਰਿਆ ਚੱਲ ਰਹੀ ਹੈ, ਉਸ ਤੋਂ ਅਸੀਂ ਨਿਰਾਸ਼ ਹਾਂ। ਸਾਨੂੰ ਨਹੀਂ ਪਤਾ ਕਿ ਸਰਕਾਰ ਕਿਸਾਨਾਂ ਨਾਲ ਕੀ ਗੱਲ ਕਰ ਰਹੀ ਹੈ।'ਉਨ੍ਹਾ ਸਰਕਾਰ ਨੂੰ ਝਾੜ ਪਾਉਂਦੇ ਹੋਏ ਕਿਹਾ ਕਿ ਤੁਸੀਂ ਖੇਤੀਬਾੜੀ ਕਾਨੂੰਨਾਂ ਨੂੰ ਰੋਕੋਗੇ ਜਾਂ ਅਸੀਂ ਕਾਰਵਾਈਕਰੀਏ? ਸੁਪਰੀਮ ਕੋਰਟ ਨੇ ਸਰਕਾਰ ਨੂੰ ਇਸ ਮਕਸਦ ਲਈ ਇਕ ਕਮੇਟੀ ਬਣਾਉਣ ਲਈ ਕਿਹਾ ਹੈ। ਸੋਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਸ ਕਮੇਟੀ ਲਈ ਭਲਕੇ ਮੰਗਲਵਾਰ ਨੂੰ ਸਰਕਾਰ ਵੱਲੋਂ ਨਾਮ ਦੇਦਿੱਤੇ ਜਾਣਗੇ। ਇਸ ਦੇ ਬਾਅਦ ਕੇਸ ਬਾਰੇਅੱਜ ਦੀ ਸੁਣਵਾਈ ਕੋਈ ਹੁਕਮ ਪਾਸ ਕਰਨ ਤੋਂਬਿਨਾਂ ਖ਼ਤਮ ਹੋ ਗਈ।

ਵਰਨਣ ਯੋਗ ਹੈ ਕਿ ਬੀਤੀ 8 ਜਨਵਰੀ ਨੂੰ ਕਿਸਾਨਾਂ ਤੇ ਸਰਕਾਰ ਵਿਚਾਲੇ ਅੱਠਵੇਂ ਗੇੜ ਦੀ ਗੱਲਬਾਤ ਵਿਚ ਕੋਈ ਹੱਲ ਨਹੀਂ ਨਿਕਲ ਸਕਿਆ ਸੀ, ਕਿਉਂਕਿ ਕੇਂਦਰ ਸਰਕਾਰ ਨੇ ਵਿਵਾਦਤ ਕਾਨੂੰਨ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਗੱਲਬਾਤ ਦਾ ਨੌਵਾਂ ਦੌਰ 15 ਜਨਵਰੀ ਨੂੰ ਹੋਣਾ ਹੈ, ਜਿਸ ਤੋਂ ਪਹਿਲਾਂ ਕਿਸਾਨ ਨੇਤਾਵਾਂ ਨੇ ਕਹਿ ਦਿੱਤਾ ਹੈ ਕਿ ਉਹ ਆਖਰੀ ਸਾਹ ਤੱਕ ਲੜਨ ਲਈ ਤਿਆਰ ਹਨ, ਪਰ ਉਨ੍ਹਾਂ ਦੀ 'ਘਰ ਵਾਪਸੀ' ਅਸਲ ਵਿੱਚ 'ਕਾਨੂੰਨਾਂ ਦੇ ਵਾਪਸ' ਹੋਣ ਤੋਂ ਬਾਅਦ ਹੀ ਹੋਵੇਗੀ ਅਤੇ ਸਰਕਾਰ ਕਾਨੂੰਨ ਰੱਦ ਨਾ ਕਰਨ ਦੀ ਜ਼ਿਦ ਉੱਤੇ ਅੜੀ ਹੋਈ ਹੈ।

ਅੱਜ ਦੀ ਸੁਣਵਾਈ ਦੌਰਾਨ ਚੀਫ਼ ਜਸਟਿਸ ਐਸਏ ਬੋਬੜੇ ਨੇ ਕਿਹਾ ਕਿ 'ਸਰਕਾਰ ਜਿਵੇਂ ਇਹ ਕੇਸਲੈ ਰਹੀ ਹੈ, ਉਸ ਤੋਂ ਅਸੀਂ ਖੁਸ਼ ਨਹੀਂ। ਸਾਨੂੰ ਨਹੀਂ ਪਤਾ ਕਿ ਇਹ ਕਾਨੂੰਨ ਪਾਸ ਕਰਨ ਤੋਂ ਪਹਿਲਾਂ ਤੁਸੀਂ ਕੀ ਕੀਤਾ ਸੀ। ਪਿਛਲੀ ਸੁਣਵਾਈ ਵਿੱਚ ਵੀ ਤੁਸੀਂ ਗੱਲਬਾਤ ਬਾਰੇ ਕਿਹਾ ਸੀ, ਇਹ ਕੀ ਹੋਈ ਜਾਂਦਾ ਹੈ?' ਅਦਾਲਤ ਨੇ ਕਿਹਾ, 'ਅਸੀਂ ਕਿਸਾਨਾਂ ਦੇ ਮਸਲਿਆਂ ਦੇ ਮਾਹਰ ਨਹੀਂ, ਕੀ ਤੁਸੀਂ ਇਨ੍ਹਾਂ ਕਾਨੂੰਨਾਂ ਨੂੰ ਰੋਕੋਗੇ ਜਾਂ ਅਸੀਂ ਕਦਮ ਚੁੱਕੀਏ। ਹਾਲਾਤ ਲਗਾਤਾਰ ਬਦ ਤੋਂ ਬਦਤਰ ਹੁੰਦੇ ਜਾਂਦੇ



ਹਨ, ਲੋਕ ਮਰ ਰਹੇ ਹਨ ਅਤੇ ਠੰਢ ਵਿਚ ਬੈਠੇ ਹਨ, ਉਥੇ ਖਾਣ-ਪੀਣ ਦੀ ਸੰਭਾਲ ਕੌਣ ਕਰ ਰਿਹਾ ਹੈ?'ਚੀਫ ਜਸਟਿਸ ਨੇ ਕਿਹਾ, 'ਅਸੀਂ ਕਿਸੇ ਦਾ ਖੂਨ ਆਪਣੇ ਹੱਥਾਂ ਉੱਤੇ ਨਹੀਂ ਲੈਣਾ ਚਾਹੁੰਦੇ, ਅਸੀਂ ਕਿਸੇ ਨੂੰ ਪ੍ਰਦਰਸ਼ਨ ਕਰਨ ਤੋਂ ਮਨ੍ਹਾਂ ਨਹੀਂ ਕਰ ਸਕਦੇ। ਅਸੀਂ ਇਹ ਆਲੋਚਨਾ ਆਪਣੇ ਸਿਰ ਨਹੀਂ ਲੈ ਸਕਦੇ ਕਿ ਅਸੀਂ ਕਿਸੇ ਦੇ ਹੱਕ ਵਿੱਚ ਹਾਂ ਤੇ ਦੂਸਰੇ ਦੇ ਵਿਰੁੱਧ ਹਾਂ।' ਉਨ੍ਹਾ ਕਿਹਾ,'ਤੁਸੀਂ ਕੋਈ ਹੱਲ ਲੱਭਣ ਦੇ ਅਸਮਰੱਥ ਹੋ। ਲੋਕ ਮਰ ਰਹੇ ਹਨ, ਖੁਦਕੁਸ਼ੀ ਕਰ ਰਹੇ ਹਨ। ਸਾਨੂੰ ਨਹੀਂ ਪਤਾ ਕਿ ਔਰਤਾਂ ਤੇ ਬੁੱਢੇ ਲੋਕ ਕਿਉਂ ਬੈਠੇ ਹਨ। ਖੈਰ, ਅਸੀਂ ਇੱਕ ਕਮੇਟੀ ਬਣਾਉਣ ਲੱਗੇ ਹਾਂ, ਜੇ ਕਿਸੇ ਨੇ ਕੁਝ ਕਹਿਣਾ ਹੈ ਤਾਂ ਉਸ ਨੂੰ ਕਹੋ।' ਚੀਫ਼ ਜਸਟਿਸ ਨੇ ਕਿਹਾ ਕਿ 'ਅਸੀਂ ਕਾਨੂੰਨ ਵਾਪਸ ਲੈਣ ਦੀ ਗੱਲ ਨਹੀਂ ਕਰਦੇ, ਅਸੀਂ ਪੁੱਛਦੇ ਹਾਂ ਕਿ ਤੁਸੀਂ ਇਸ ਨੂੰ ਕਿਵੇਂ ਸੰਭਾਲ ਰਹੇ ਹੋ। ਅਸੀਂ ਇਹਨਹੀਂ ਸੁਣਨਾ ਚਾਹੁੰਦੇ ਕਿ ਮਾਮਲਾ ਅਦਾਲਤ ਵਿਚ ਹੀ ਹੱਲ ਹੋਵੇ ਜਾਂ ਨਾ। ਅਸੀਂ ਚਾਹੁੰਦੇ ਹਾਂ ਕਿ ਕੀ ਤੁਸੀਂ ਇਸ ਨੂੰ ਗੱਲਬਾਤ ਨਾਲ ਹੱਲ ਕਰ ਸਕਦੇ ਹੋ। ਜੇ ਤੁਸੀਂ ਚਾਹੁੰਦੇ ਹੋ ਤਾਂ ਕਹੋ ਕਿ ਮੁੱਦਾ ਹੱਲ ਹੋਣ ਤੱਕ ਕਾਨੂੰਨ ਲਾਗੂ ਨਹੀਂ ਕਰਾਂਗੇ, ਜਾਂ ਅਸੀਂ ਰੋਕ ਦੇਈਏ।'ਕੋਰਟ ਨੇ ਕਿਹਾ, 'ਸਾਨੂੰ ਡਰ ਹੈ ਕਿ ਕਿਸੇ ਦਿਨ ਸਿੰਘੂ ਬਾਰਡਰ ਉੱਤੇ ਹਿੰਸਾ ਵੀ ਭੜਕ ਸਕਦੀ ਹੈ।'

ਇਸ ਮੌਕੇ ਸਰਕਾਰ ਵੱਲੋਂ ਪੇਸ਼ ਹੋਏ ਹਰੀਸ਼ ਸਾਲਵੇ ਨੇ ਕਿਹਾ ਕਿ ਸਾਨੂੰ ਭਰੋਸਾ ਮਿਲਣਾ ਚਾਹੀਦਾ ਹੈ ਕਿ ਅੰਦੋਲਨ ਮੁਲਤਵੀ ਕਰ ਦਿੱਤਾ ਜਾਵੇਗਾ। ਸਾਰੇ ਲੋਕ ਕਮੇਟੀ ਅੱਗੇ ਜਾਣਗੇ। ਚੀਫ ਜਸਟਿਸ ਨੇ ਕਿਹਾ ਕਿ ਇਹੋ ਗੱਲ ਅਸੀਂ ਚਾਹੁੰਦੇ ਹਾਂ, ਪਰ ਸਭ ਕੁਝ ਆਰਡਰ ਨਾਲ ਨਹੀਂ ਹੋ ਸਕਦਾ। ਅਸੀਂ ਇਹ ਨਹੀਂ ਕਹਾਂਗੇ ਕਿ ਕੋਈ ਅੰਦੋਲਨ ਨਾ ਕਰੋ, ਇਹ ਕਹਿ ਸਕਦੇ ਹਾਂ ਕਿ ਉਸ ਜਗ੍ਹਾਅੰਦੋਲਨ ਨਾ ਕਰੋ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਹੈ ਕਿ ਵੱਡੀ ਗਿਣਤੀ ਵਿੱਚ ਕਿਸਾਨ ਸੰਗਠਨ ਇਸ ਕਾਨੂੰਨ ਨੂੰ ਲਾਹੇਵੰਦ ਵੀ ਮੰਨਦੇ ਹਨ। ਇਸ ਉੱਤੇ ਚੀਫ਼ ਜਸਟਿਸ ਨੇ ਕਿਹਾ ਕਿ 'ਸਾਡੇ ਕੋਲਏਦਾਂ ਦਾ ਕੋਈ ਨਹੀਂ ਆਇਆ, ਜੋ ਇਹਕਹਿੰਦਾ ਹੋਵੇ। ਇਸ ਲਈ ਅਸੀਂ ਇਸ ਉੱਤੇਨਹੀਂ ਜਾਣਾ ਚਾਹੁੰਦੇ, ਜੇ ਵੱਡੀ ਗਿਣਤੀ ਵਿਚ ਲੋਕ ਮਹਿਸੂਸ ਕਰਦੇ ਹਨ ਕਿ ਕਾਨੂੰਨ ਲਾਭਕਾਰੀ ਹਨ ਤਾਂ ਕਮੇਟੀ ਨੂੰ ਦੱਸੋ। ਤੁਸੀਂ ਮੈਨੂੰ ਦੱਸੋ ਕਿ ਕਾਨੂੰਨ ਉੱਤੇ ਰੋਕ ਲਾਉਗੇ ਜਾਂ ਨਹੀਂ। ਨਹੀਂ ਤਾਂ ਇਹ ਰੋਕ ਅਸੀਂ ਲਾ ਦੇਈਏ।'

ਭਾਰਤ ਦੇ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਅਦਾਲਤ ਨੂੰ ਕਿਹਾ: 'ਕਾਨੂੰਨ ਬਣਨ ਪਿੱਛੋਂ 2000 ਕਿਸਾਨ ਪਹਿਲਾਂ ਹੀ ਨਿੱਜੀ ਪਾਰਟੀਆਂ ਨਾਲ ਸਮਝੌਤੇ ਕਰ ਚੁੱਕੇ ਹਨ। ਇਸ ਸਥਿਤੀ ਵਿੱਚਖੇਤੀ ਕਾਨੂੰਨਾਂ ਉੱਤੇ ਪਾਬੰਦੀ ਦੇ ਨਾਲ ਉਨ੍ਹਾਂ ਦਾਵੱਡਾ ਨੁਕਸਾਨ ਹੋਏਗਾ।' ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ: 'ਸਰਕਾਰ ਕਿਸਾਨੀ ਸਮੱਸਿਆਵਾਂ ਦੇ ਹਰ ਪੱਖ ਉੱਤੇ ਪਹਿਲਾਂ ਹੀ ਵਿਚਾਰ ਕਰ ਰਹੀ ਹੈ। ਤੁਸੀਂ ਕਹਿੰਦੇ ਹੋ ਕਿ ਸਰਕਾਰ ਇਸ ਨੂੰ ਸਹੀ ਢੰਗ ਨਾਲ ਨਹੀਂ ਸੰਭਾਲ ਰਹੀ, ਇਹ ਬਹੁਤ ਸਖਤ ਟਿੱਪਣੀ ਹੈ।' ਇਸ ਉੱਤੇਚੀਫ ਜਸਟਿਸ ਨੇ ਕਿਹਾ,'ਅੱਜ ਸੁਣਵਾਈ ਵਿਚ ਇਹ ਸਾਡੇ ਵੱਲੋਂਦਿੱਤਾ ਸਭ ਤੋਂ ਤੱਥ ਪੂਰਨ ਬਿਆਨ ਹੈ।'ਚੀਫ ਜਸਟਿਸ ਨੇ ਕਿਹਾ, 'ਪਾਰਲੀਮੈਂਟ ਵਿਚ ਇਹੋ ਜਿਹੇ ਕਾਨੂੰਨ ਆਵਾਜ਼ ਵੋਟ ਰਾਹੀਂ ਕਿਵੇਂ ਪਾਸ ਹੋਏ ਸਨ। ਜੇ ਸਰਕਾਰ ਇਸ ਬਾਰੇ ਗੰਭੀਰ ਹੈ ਤਾਂ ਇਸ ਨੂੰ ਪਾਰਲੀਮੈਂਟਦਾ ਸਾਂਝਾ ਸੈਸ਼ਨ ਬੁਲਾਉਣਾ ਚਾਹੀਦਾ ਹੈ। ਅਸੀਂ ਇਕ ਕਮੇਟੀ ਬਣਾਉਣ ਦੀ ਤਜਵੀਜ਼ ਦੇ ਰਹੇ ਹਾਂ। ਇਸ ਦੇ ਨਾਲ ਅਸੀਂ ਅਗਲੇ ਹੁਕਮਾਂਤੱਕ ਕਾਨੂੰਨ ਲਾਗੂ ਨਾ ਕਰਨ ਦੇ ਆਦੇਸ਼ਾਂ ਉੱਤੇ ਵੀ ਵਿਚਾਰ ਕਰ ਰਹੇ ਹਾਂ।'

# ਭਾਰਤ ਸਰਕਾਰ ਦਾ ਐਫੀਡੇਵਿਟ: ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਪ੍ਰਵਾਨ ਨਹੀਂ ਹੋਵੇਗੀ

*** ਕਿਸਾਨ ਵੀ ਕਿਸੇ ਕਮੇਟੀ ਰਾਹੀਂ ਗੱਲਬਾਤ ਲਈ ਤਿਆਰ ਨਹੀਂ**



ਨਵੀਂ ਦਿੱਲੀ, 11 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀਬਾੜੀ ਕਾਨੂੰਨ ਅਤੇ ਕਿਸਾਨਾਂ ਦੇ ਪ੍ਰਦਰਸ਼ਨ ਉੱਤੇ ਮੰਗਲਵਾਰ ਨੂੰ ਸੁਪਰੀਮ ਕੋਰਟ ਵੱਲੋਂ ਫੈਸਲੇ ਸੁਨਾਉਣ ਤੋਂ ਪਹਿਲਾਂ ਨਰਿੰਦਰ ਮੋਦੀ ਸਰਕਾਰ ਨੇ ਅੱਜ ਸੁਪਰੀਮ ਕੋਰਟ ਨੂੰ ਇੱਕ ਐਫੀਡੇਵਿਟਪੇਸ਼ ਕਰ ਕੇ ਆਖਿਆ ਹੈ ਕਿ ਤਿੰਨਾਂ ਖੇਤੀ ਕਾਨੂੰਨਾਂ ਨੂੰ ਵੱਡੇ ਪੈਮਾਨੇ ਉੱਤੇ ਦੇਸ਼ ਦਾ ਸਮਰਥਨ ਮਿਲਿਆ ਹੈ ਅਤੇ ਕੁਝ ਕਿਸਾਨ ਅਤੇ ਹੋਰ ਲੋਕ ਹੀ ਇਸ ਦਾ ਵਿਰੋਧ ਕਰਦੇ ਹਨ। ਇਨ੍ਹਾਂ ਦੀ ਮੰਗ ਹੈ ਕਿ ਖੇਤੀਬਾੜੀ ਕਾਨੂੰਨ ਵਾਪਸ ਲਿਆ ਜਾਵੇ, ਜੋ ਨਾ ਤਾਂ ਜਾਇਜ਼ ਅਤੇ ਨਾ ਸਰਕਾਰ ਵੱਲੋਂ ਮੰਨਣਯੋਗ ਹੈ।

ਇਸ ਤੋਂ ਪਹਿਲਾਂ ਅੱਜ ਸੋਮਵਾਰ ਨੂੰ ਹੋਈ ਸੁਣਵਾਈ ਵੇਲੇ ਸੁਪਰੀਮ ਕੋਰਟ ਨੇ ਇਹ ਸਾਫ਼ ਕਰ ਦਿੱਤਾ ਸੀ ਕਿ ਉਹ ਫਿਲਹਾਲ ਖੇਤੀਬਾੜੀ ਕਾਨੂੰਨਾਂ ਦੇ ਲਾਗੂ ਹੋਣ ਉੱਤੇ ਰੋਕ ਲਾਉਣਾ ਚਾਹੁੰਦੇ ਹਨ। ਕੋਰਟ ਦਾ ਮਕਸਦ ਹੈ ਕਿ ਕਿਸਾਨਾਂ ਵੱਲੋਂ ਕੀਤੀ ਗਈ ਘੇਰਾਬੰਦੀ ਨੂੰ ਛੇਤੀ ਖ਼ਤਮ ਕੀਤਾ ਜਾਵੇ ਅਤੇ ਉਸ ਵਿੱਚ ਕੋਈ ਹਿੰਸਾ ਨਾ ਹੋਵੇ। ਇਸ ਪਿੱਛੋਂ ਕੋਰਟ ਨੇ ਕਿਹਾ ਸੀ ਕਿ ਇਸ ਵਿਵਾਦ ਦਾ ਹੱਲ ਲੱਭਣ ਲਈ ਉਹ ਇੱਕ ਕਮੇਟੀ ਬਣਾਵੇਗੀ, ਜਿਹੜੀ ਦੋਵਾਂ ਧਿਰਾਂ ਦੇ ਨਾਲ ਗੱਲਬਾਤ ਕਰ ਕੇ ਕੋਈ ਹੱਲ ਕੱਢੇਗੀ। ਇਸ ਤੋਂ ਬਾਅਦ ਭਾਰਤ ਸਰਕਾਰ ਨੇ ਇਹਐਫੀਡੇਵਿਟ ਪੇਸ਼ ਕੀਤਾ ਹੈ।

ਦੂਸਰੇ ਪਾਸੇ ਕਿਸਾਨਾਂ ਨੇ ਕਿਹਾ ਹੈ ਕਿ ਜੇ ਸੁਪਰੀਮ ਕੋਰਟ ਵੱਲੋਂ ਕਮੇਟੀ ਬਣਾਈ ਗਈ ਤਾਂ ਕਿਸਾਨ ਜਥੇਬੰਦੀਆਂ ਇਸ ਕਮੇਟੀ ਦੀ ਪ੍ਰਕਿਰਿਆਵਿੱਚ ਸ਼ਾਮਲ ਹੋਣ ਲਈ ਤਿਆਰ ਨਹੀਂ। ਕਿਸਾਨ ਆਗੂਆਂ ਨੇ ਖੇਤੀਬਾੜੀ ਕਾਨੂੰਨਾਂ ਦੇ ਲਾਗੂ ਹੋਣ ਉੱਤੇ ਲੱਗੀ ਰੋਕ ਦਾ ਸਵਾਗਤ ਕੀਤਾ, ਪਰ ਇਸ ਦੇ ਨਾਲ ਇਹ ਸਪਸ਼ਟ ਕਰ ਦਿੱਤਾ ਕਿ ਉਹ ਸੁਪਰੀਮ ਕੋਰਟ ਵਲੋਂ ਨਿਯੁਕਤ ਕੀਤੀ ਕਮੇਟੀਵਿੱਚ ਕੋਈ ਦਿਲਚਸਪੀ ਨਹੀਂ ਰੱਖਦੇ।

# ਪਾਰਲੀਮੈਂਟ ਦੀ ਖੇਤੀ ਬਾਰੇ ਕਮੇਟੀ ਵਿੱਚੋਂ ਢੀਂਡਸਾ ਦਾ ਵਾਕਆਊਟ

*** ਖੇਤੀ ਕਾਨੂੰਨਾਂ ਉਤੇ ਚਰਚਾ ਨਾ ਕਰਨ ਤੋਂ ਢੀਂਡਸਾ ਨਾਰਾਜ਼ * ਪ੍ਰਤਾਪ ਸਿੰਘ ਬਾਜਵਾ ਵੀ ਵਾਕਆਊਟ ਕਰ ਗਿਆ**

ਨਵੀਂ ਦਿੱਲੀ, 11 ਜਨਵਰੀ, (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੀ ਖੇਤੀਬਾੜੀ ਬਾਰੇ ਸਟੈਂਡਿੰਗ ਕਮੇਟੀ ਦੀ ਅੱਜ ਦਿੱਲੀ ਵਿਖੇ ਹੋਈ ਮੀਟਿੰਗ ਵਿੱਚ ਖੇਤੀ ਬਾਰੇ ਕਾਨੂੰਨਾਂ ਉਤੇ ਕੋਈ ਕੋਈ ਵੀ ਚਰਚਾ ਨਾ ਕਰਨ ਉਤੇ ਸ਼੍ਰੋਮਣੀ ਅਕਾਲੀ ਦਲ (ਡੈਮੋਕਰੇਟਿਕ) ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਮੀਟਿੰਗ ਤੋਂ ਵਾਕਆਊਟ ਕਰ ਦਿੱਤਾ। ਇਸ ਤੋਂ ਬਾਅਦ ਇਸ ਕਮੇਟੀ ਦੇ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੀ ਵਾਕਆਊਟ ਕਰ ਗਏ।





ਪਤਾ ਲੱਗਾ ਹੈ ਕਿ ਮੀਟਿੰਗ ਦੇ ਸ਼ੁਰੂ ਵਿਚ ਜਦੋਂ ਸੁਖਦੇਵ ਸਿੰਘ ਢੀਂਡਸਾ ਨੇ ਖੇਤੀਬਾੜੀ ਕਾਨੂੰਨਾਂ ਦਾ ਮੁੱਦਾ ਚੁੱਕਿਆ ਅਤੇ ਇਸ ਬਾਰੇ ਚਰਚਾ ਦੀ ਮੰਗ ਕੀਤੀ ਤਾਂ ਕਮੇਟੀ ਦੇ ਚੇਅਰਮੈਨ ਨੇ ਇਸ ਬਾਰੇ ਚਰਚਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਅੱਜ ਦਾ ਏਜੰਡਾ ਸਿਰਫ਼ ਪਸ਼ੂ ਪਾਲਣ ਬਾਰੇ ਹੈ, ਇਸ ਕਰਕੇ ਉਹ ਖੇਤੀਬਾੜੀ ਕਾਨੂੰਨਾਂ ਬਾਰੇ ਕੋਈ ਚਰਚਾ ਨਹੀਂ ਕਰਨਗੇ। ਇਸ ਤੋਂ ਬਾਅਦ ਸੁਖਦੇਵ ਸਿੰਘ ਢੀਂਡਸਾ ਮੀਟਿੰਗ ਤੋਂ ਵਾਕਆਊਟ ਕਰਕੇ ਬਾਹਰ ਆ ਗਏ। ਢੀਂਡਸਾ ਨੇ ਕਿਹਾ ਕਿ ਇਸ ਸਮੇਂ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦੇਸ਼ ਦਾ ਕਿਸਾਨ ਕੜਾਕੇ ਦੀ ਠੰਢ ਵਿੱਚ ਦਿੱਲੀ ਦੇ ਬਾਰਡਰ ਉਤੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰ ਰਿਹਾ ਹੈ ਤਾਂ ਇਸ ਦੇਸ਼ ਦੀ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਆਨ ਐਗਰੀਕਲਚਰਵੱਲੋਂ ਇਸ ਅਹਿਮ ਮੁੱਦੇ ਨੂੰ ਛੱਡ ਕੇ ਸਿਰਫ਼ ਪਸ਼ੂ ਪਾਲਣ ਏਜੰਡੇ ਦੀ ਚਰਚਾ ਕਰਨਾ ਇਨਾ ਮਹੱਤਵਪੂਰਨ ਨਹੀਂ। ਉਨ੍ਹਾਂ ਕਿਹਾ ਕਿ ਜੇ ਸੁਪਰੀਮ ਕੋਰਟ ਸਰਕਾਰ ਨੂੰ ਕਿਸਾਨਾਂ ਦੀ ਗੱਲ ਸੁਣਨ ਨੂੰ ਕਹਿ ਸਕਦੀ ਹੈ ਤਾਂ ਐਗਰੀਕਲਚਰ ਕਮੇਟੀ ਸਰਕਾਰ ਉਤੇ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਬਾਅ ਕਿਉਂ ਨਹੀਂ ਪਾ ਸਕਦੀ?

ਪਾਰਲੀਮੈਂਟ ਦੀ ਅਨੈਕਸੀ ਵਿੱਚ ਹੋਈ ਇਸ ਮੀਟਿੰਗ ਦੀ ਪ੍ਰਧਾਨਗੀ ਭਾਜਪਾ ਦੇ ਐੱਮਪੀ, ਪੀ ਸੀ ਗਾਦੀਗੋਡਾਰ ਕਰ ਰਹੇ ਸਨ ਅਤੇ ਇਸ ਵਿਚ ਦੇਸ਼ਵਿੱਚ ਐਨੀਮਲ ਹਸਬੈਂਡਰੀ ਤੇ ਡੇਅਰੀ ਫਾਰਮਿੰਗ ਵਿਚ ਵੈਟਰਨਰੀ ਸੇਵਾਵਾਂਵਿੱਚ ਪਸ਼ੂਆਂ ਲਈ ਵੈਕਸੀਨ ਦੀ ਸਪਲਾਈ ਹੋਣ ਉੱਤੇ ਵਿਚਾਰ ਕੀਤਾ ਜਾ ਰਿਹਾ ਸੀ।

# ਕਿਸਾਨ ਸੰਘਰਸ਼ ਮੁੱਦੇ ਉੱਤੇ ਟੋਲਵੇ ਕੰਪਨੀ ਵੀ ਹਾਈ ਕੋਰਟ ਜਾ ਪੁੱਜੀ

ਚੰਡੀਗੜ੍ਹ, 11 ਜਨਵਰੀ, (ਪੋਸਟ ਬਿਊਰੋ)- ਭਾਰਤ ਦੇ ਖੇਤੀ ਕਾਨੂੰਨਾਂ ਦੇ ਖਿਲਾਫ ਚੱਲਦੇ ਕਿਸਾਨ ਅੰਦੋਲਨ ਕਾਰਨ ਵਿੱਤੀ ਨੁਕਸਾਨ ਦਾ ਮੁੱਦਾ ਲੈ ਕੇ ਮੈਸਰਜ਼ ਪਾਣੀਪਤ-ਜਲੰਧਰ ਐੱਨਐੱਚ-1 ਟੋਲਵੇ ਪ੍ਰਾਈਵੇਟ ਲਿਮਟਿਡ ਵੀ ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚਪੁੱਜ ਗਈ ਹੈ। ਇਸ ਕੰਪਨੀ ਨੇ ਇੱਕ ਪਟੀਸ਼ਨ ਦਾਇਰ ਕਰ ਕੇ ਅੰਦੋਲਨ ਕਾਰਨ ਕਰੋੜਾਂ ਰੁਪਏ ਦਾਆਪਣਾ ਨੁਕਸਾਨ ਹੋਣ ਦੀ ਗੱਲ ਕਹੀ ਹੈ।

ਇਸ ਪਟੀਸ਼ਨ ਉੱਤੇ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਅੱਜ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਛੇ ਅਪ੍ਰੈਲ ਲਈ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕੀਤਾ ਹੈ। ਟੋਲ ਕੰਪਨੀ ਨੇ ਕਿਸਾਨਾਂ ਦੇ ਵਿਰੋਧ ਕਾਰਨ ਵਿੱਤੀ ਨੁਕਸਾਨ ਦਾ ਦਾਅਵਾ ਕਰਦਿਆਂ ਲਾਡੋਵਾਲ ਟੋਲ ਪਲਾਜ਼ਾ ਉੱਤੇਸੁਰੱਖਿਆ ਯਕੀਨੀ ਬਣਾਉਣ ਤੇ ਨੁਕਸਾਨ ਦੀ ਪੂਰਤੀ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਹੈ। ਕੰਪਨੀ ਦਾ ਦਾਅਵਾ ਹੈ ਕਿ ਲਾਡੋਵਾਲ ਟੋਲ ਪਲਾਜ਼ਾ ਉੱਤੇ ਆਉਂਦੀ ਟੋਲ ਫੀਸ ਜਮ੍ਹਾਂ ਨਾ ਹੋਣ ਕਾਰਨ ਕਰੋੜਾਂ ਰੁਪਏ ਦਾ ਨੁਕਸਾਨ




ਹੋਇਆ ਹੈ। ਇਸ ਮੌਕੇ ਹਾਈ ਕੋਰਟ ਨੂੰਦੱਸਿਆ ਗਿਆ ਕਿ ਇਸ ਕੰਪਨੀ ਨੂੰ ਪਾਣੀਪਤ ਤੋਂ ਨੈਸ਼ਨਲ ਹਾਈਵੇ (ਐੱਨਐੱਚ) ਨੰਬਰ-1 ਉੱਤੇ 291 ਕਿਲੋਮੀਟਰ ਹਿੱਸੇਵਿੱਚ ਛੇ ਲੇਨ ਸੜਕ ਬਣਾਉਣ, ਚਲਾਉਣਅਤੇ ਇਸ ਦੀ ਸੰਭਾਲ ਦਾ ਖਾਸ ਅਧਿਕਾਰ ਤੇ ਲਾਇਸੈਂਸ ਦਿੱਤਾ ਗਿਆ ਹੈ। ਇਸ ਨਾਲ ਖਾਸ ਲੇਵੀ ਦੇ ਅਧਿਕਾਰ ਨਾਲ 15 ਸਾਲਾਂ ਲਈ 11 ਮਈ 2009 ਤੋਂ ਟੋਲ ਇਕੱਠਾ ਕਰਨ ਦਾ ਅਧਿਕਾਰ ਵੀ ਇਸ ਕੰਪਨੀ ਦਾ ਹੈ।


ਕੰਪਨੀ ਵੱਲੋਂ ਪਟੀਸ਼ਨ ਦਾਇਰ ਕਰਨ ਵਾਲੇ ਐਡਵੋਕੇਟ ਸੁਮੀਤ ਗੋਇਲ ਨੇ ਕੋਰਟ ਨੂੰ ਦੱਸਿਆ ਕਿ 25 ਸਤੰਬਰ ਤੋਂ ਪੰਜਾਬਵਿੱਚ ਕਿਸਾਨਾਂ ਦੇ ਅੰਦੋਲਨ ਦੇ ਸ਼ੁਰੂ ਹੋਣ ਤੋਂ ਹੀ ਲਾਡੋਵਾਲ ਟੋਲ ਪਲਾਜ਼ਾਦਾ ਟੋਲ ਟੈਕਸ ਕੁਲੈਕਸ਼ਨ ਦਾ ਕੰਮ ਰੁਕਿਆ ਹੋਣ ਕਾਰਨ ਟੋਲ ਫੀਸ ਇਕੱਠੀ ਨਹੀਂ ਕੀਤੀ ਜਾ ਸਕੀ ਅਤੇ ਫੀਸ ਇਕੱਠੀ ਨਾ ਹੋਣ ਕਾਰਨ ਨੈਸ਼ਨਲ ਹਾਈਵੇ ਦੀ ਸੰਭਾਲ ਤੇ ਮੁਰੰਮਤ ਦੇ ਕੰਮ ਵੱਚ ਰੁਕਾਵਟ ਆਈ ਹੈ ਤੇ ਕੰਪਨੀ ਉੱਤੇ ਮਾੜਾ ਵਿੱਤੀ ਅਸਰ ਪੈ ਰਿਹਾ ਹੈ। ਕੋਰਟ ਨੂੰ ਇਹ ਵੀ ਦੱਸਿਆ ਗਿਆ ਕਿ ਪਟੀਸ਼ਨਰ ਕੰਪਨੀ ਨੇ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਤੇ ਪੁਲਿਸ ਅਫਸਰਾਂ ਨੂੰ ਟੋਲ ਪਲਾਜ਼ਾ ਦੇ ਕੰਮ ਨੂੰ ਯਕੀਨੀ ਬਣਾਉਣ ਦੀ ਕਿਹਾਸੀ। 23 ਸਤੰਬਰ 2020 ਨੂੰ ਪਟੀਸ਼ਨਰ ਕੰਪਨੀ ਨੇ ਪ੍ਰਾਜੈਕਟ ਡਾਇਰੈਕਟਰ ਨੂੰ ਇਕ ਪੱਤਰ ਭੇਜ ਕੇ ਕੰਪਨੀ ਦੀ ਜਾਇਦਾਦ ਤੇ ਮੁਲਾਜ਼ਮਾਂ ਦੀ ਸੁਰੱਖਿਆ ਲਈ ਪੁਲਿਸ ਸੁਰੱਖਿਆਦੇਣ ਦੀ ਅਪੀਲ ਕੀਤੀ ਸੀ ਤਾਂ ਜੋ ਟੋਲ ਪਲਾਜ਼ਾ ਦਾ ਕੰਮ ਚੱਲ ਸਕੇ, ਪਰ ਕਿਸੇ ਅਪੀਲ ਉੱਤੇ ਕੋਈ ਕਾਰਵਾਈ ਨਹੀਂ ਹੋਈ। ਕੰਪਨੀ ਦੇ ਵਕੀਲ ਨੇ ਹਾਈ ਕੋਰਟ ਨੂੰ ਟੋਲ ਫੀਸ ਇਕੱਠੀ ਕਰਨ ਤੇ ਲਾਡੋਵਾਲ ਟੋਲ ਪਲਾਜ਼ਾ ਉੱਤੇ ਕਾਨੂੰਨ ਵਿਵਸਥਾ ਬਹਾਲ ਕਰ ਕੇ ਕੰਪਨੀ ਦੇ ਮੁਲਾਜ਼ਮਾਂ ਨੂੰ ਪੂਰੀ ਸੁਰੱਖਿਆਦਿਵਾਉਣ ਦੀ ਮੰਗ ਕੀਤੀ ਹੈ।

# ਗਗਨਯਾਨ ਮਿਸ਼ਨ ਦੀ ਸਿਖਲਾਈ ਵਾਸਤੇ ਦੋ ਫਲਾਈਟ ਸਰਜਨ ਰੂਸ ਜਾਣਗੇ

ਨਵੀਂ ਦਿੱਲੀ, 11 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਗਗਨਯਾਨ ਮਿਸ਼ਨ ਦੇ ਲਈ ਦੋ ਫਲਾਈਟ ਸਰਜਨ ਪੁਲਾੜ ਮੈਡੀਸਨ 'ਚ ਆਪਣੇ ਰੂਸੀ ਫਲਾਈਟ ਸਰਜਨਾਂ ਤੋਂ ਤਜਰਬਾ ਤੇ ਸਿਖਲਾਈ ਹਾਸਲ ਕਰਨ ਲਈ ਓਥੇ ਜਾਣਗੇ।

ਇਸ ਬਾਰੇ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਅਧਿਕਾਰੀਆ ਨੇ ਕਿਹਾ ਕਿ ਰੂਸ ਜਾ ਰਹੇ ਦੋਵੇਂ ਫਲਾਈਟ ਸਰਜਨ ਭਾਰਤੀ ਹਵਾਈ ਫੌਜ ਦੇ ਡਾਕਟਰ ਹਨ ਅਤੇ ਏਅਰੋਸਪੇਸ ਮੈਡੀਸਨ ਦੇ ਮਾਹਰ ਹਨ। ਉਨ੍ਹਾ ਨੇ ਕਿਹਾ, 'ਫਲਾਈਟ ਸਰਜਨ ਜਲਦੀ ਹੀ ਰੂਸ ਜਾਣਗੇ, ਜਿੱਥੇ ਉਹ ਰੂਸ ਦੇ ਫਲਾਈਟ ਸਰਜਨਾਂ ਤੋਂ ਸਿਖਲਾਈ ਲੈਣਗੇ।' ਵਰਨਣ ਯੋਗ ਹੈ ਕਿ ਮਨੁੱਖਾਂ ਦੀ ਸ਼ਮੂਲੀਅਤ ਵਾਲੇ ਕਿਸੇ ਵੀ ਪੁਲਾੜ ਮਿਸ਼ਨ ਪ੍ਰੋਜੈਕਟ ਲਈ ਪੁਲਾੜ ਯਾਤਰੀਆਂ ਦੀ ਸਿਖਲਾਈ ਸਭ ਤੋਂ ਅਹਿਮ ਪਹਿਲੂ ਹੁੰਦਾ ਹੈ। ਫਲਾਈਟ ਸਰਜਨ ਮੁੱਖ ਤੌਰ 'ਤੇ ਉਡਾਣ ਤੋਂ ਪਹਿਲਾਂ, ਦੌਰਾਨ ਤੇ ਮਗਰੋਂ ਪੁਲਾੜ ਯਾਤਰੀਆਂ ਦੀ ਸਿਹਤ ਦੇ ਜ਼ਿੰਮੇਵਾਰ ਹੁੰਦੇ ਹਨ। ਭਾਰਤ ਦੇ ਪਹਿਲੇ ਮਨੁੱਖੀ ਪੁਲਾੜ ਮਿਸ਼ਨ ਲਈ ਭਾਰਤੀ ਹਵਾਈ ਫੌਜ ਦੇ ਚਾਰ ਟੈਸਟ ਪਾਇਲਟਾਂ ਨੂੰ ਚੁਣਿਆ ਗਿਆ ਹੈ, ਜੋ ਪਿਛਲੇ ਸਾਲ ਫਰਵਰੀ ਤੋਂ ਮਾਸਕੋ ਨੇੜੇ ਯੂ ਏ ਗਗਾਰਿਨ ਰਿਸਰਚ ਅਤੇ ਟੈਸਟ ਕੌਸਮੋਨੌਟ ਟਰੇਨਿੰਗ ਸੈਂਟਰ 'ਚ ਸਿਖਲਾਈ ਲੈ ਰਹੇ ਹਨ। ਫਲਾਈਟ ਸਰਜਨ ਪਿੱਛੋਂ ਸਿਖਲਾਈ ਲਈ ਫਰਾਂਸ ਵੀ ਜਾਣਗੇ। ਅਧਿਕਾਰੀ ਨੇ ਕਿਹਾ ਕਿ ਪੁਲਾੜ ਸਰਜਨ ਟਰੇਨਿੰਗ ਦਾ ਫਰੈਂਚ ਮੌਡਿਊਲ ਵਧੇਰੇ ਸਿਧਾਂਤਕ ਹੋਵੇਗਾ। ਦੱਸਣਾ ਬਣਦਾ ਹੈ ਕਿ ਭਾਰਤ ਦੇ ਉਤਸ਼ਾਹੀ ਗਗਨਯਾਨ ਮਿਸ਼ਨ ਤਹਿਤ 2022 ਤੱਕ ਭਾਰਤੀਆਂ ਨੂੰ ਪੁਲਾੜ 'ਚ ਭੇਜਿਆ ਜਾਣਾ ਹੈ, ਪਰ ਕੋਵਿਡ-19 ਮਹਾਮਾਰੀ ਕਰਕੇ ਇਹ ਮਿਸ਼ਨ ਥੋੜ੍ਹਾ ਪੱਛੜ ਗਿਆ ਹੈ।












# ਨਿਊਜ਼ੀਲੈਂਡ ’ਚ ਪਹਿਲੀ ਭਾਰਤੀ ਮੰਤਰੀ ਪ੍ਰਿਅੰਕਾ ਰਾਧਾਕ੍ਰਿਸ਼ਨਨ ‘ਪ੍ਰਵਾਸੀ ਭਾਰਤੀ ਸਨਮਾਨ 2021’ ਨਾਲ ਸਨਮਾਨਿਤ



ਆਕਲੈਂਡ, 11 ਜਨਵਰੀ (ਹਰਜਿੰਦਰ ਸਿੰਘ ਬਸਿਆਲਾ): ਨਿਊਜ਼ੀਲੈਂਡ ਦੇ ਵਿਚ ਭਾਰਤੀਆਂ ਦਾ ਨਾਂਅ ਰੌਸ਼ਨ ਕਰਨ ਵਾਲੀ ਪਹਿਲੀ ਭਾਰਤੀ ਮੰਤਰੀ ਮਾਣਯੋਗ ਪ੍ਰਿਅੰਕਾ ਰਾਧਾਕ੍ਰਿਸ਼ਨਨ ਜੋ ਕਿ ਕਮਿਊਨਿਟੀ ਐਂਡ ਵਲੰਟਰੀ ਸੈਕਟਰ, ਡਾਇਵਰਸਿਟੀ, ਇਨਕਲੂਜ਼ਨ ਐਂਡ ਏਥਨਿਕ ਕਮਿਊਨਿਟੀਜ਼ ਦੇ ਮੰਤਰੀ ਹਨ ਅਤੇ ਯੂਥ ਐਸੋਸੀਏਟ ਮਨਿਸਰ ਫਾਰ ਸੋਸ਼ਲ ਡਿਵੈਲਪਮੈਂਟ ਅਤੇ ਇੰਪਲਾਇਮੈਂਟ ਹਨ, ਨੂੰ ਬੀਤੇ ਦਿਨ ਨਵ ਦਿੱਲੀ ਵਿਖੇ 16ਵੇਂ ਪ੍ਰਵਾਸੀ ਭਾਰਤੀ ਸੰਮਲੇਨ ਉਤੇ ‘ਪ੍ਰਵਾਸੀ ਭਾਰਤੀ ਸਨਮਾਨ-2021’ ਨਾਲ ਸਨਮਾਨਿਤ ਕੀਤਾ ਗਿਆ। ਇਸ ਦਾ ਐਲਾਨ ਦੇਸ਼ ਦੇ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਨੇ ਕੀਤਾ ਸੀ। ਇਸ ਵਾਰ ਇਹ ਸਮਾਗਮ ਆਨਲਾਈਨ (ਵਰਚੂਅਲ) ਕੀਤਾ ਗਿਆ ਸੀ। ਨਿਊਜ਼ੀਲੈਂਡ ਤੋਂ ਪ੍ਰਿਅੰਕਾ ਰਾਧਾਕ੍ਰਿਸ਼ਨਨ ਨੇ ਇਸ ਪੱਤਰਕਾਰ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਉਨ੍ਹਾਂ ਨੇ ਵੀਡੀਓ ਕਾਲ ਰਾਹ ਆਪਣੇ ਵਿਚਾਰ ਪੇਸ਼ ਕੀਤੇ ਸਨ। ਪੰਜਾਬੀ ਕਮਿਊਨਿਟੀ ਵੱਲੋਂ ਰਾਧਾ ਕ੍ਰਿਸ਼ਨਨ ਨੂੰ ਬਹੁਤ ਬਹੁਤ ਵਧਾਈ। ਭਾਰਤੀ ਹਾਈ ਕਮਿਸ਼ਨਰ ਨੇ ਵੀ ਰਾਧਾ ਕ੍ਰਿਸ਼ਨਨ ਨੂੰ ਇਸ ਸਨਮਾਨ ਲਈ ਵਧਾਈ ਦਿੱਤੀ ਹੈ। ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ 6 ਹੋਰ ਸਖਸ਼ੀਅਤਾਂ ਨੂੰ ਇਹ ਸਨਮਾਨ ਮਿਲ ਚੁੱਕਾ ਹੈ।

# ਟੌਰੰਗਾ ਸਿਟੀ ਤੋਂ ਸਜਿਆ ਸ਼ਾਨਦਾਰ ਅੱਠਵਾਂ ਨਗਰ ਕੀਰਤਨ



ਆਕਲੈਂਡ, 11 ਜਨਵਰੀ (ਹਰਜਿੰਦਰ ਸਿੰਘ ਬਸਿਆਲਾ): ਨਗਰ ਕੀਰਤਨ ਜਾਂ ਅੰਗਰੇਜੀ ਵਿਚ ਕਹਿ ਲਈ ਸਿੱਖ ਪ੍ਰੇਡ ਵਿਦੇਸ਼ਾਂ ਦੇ ਵਿਚ ਸਿੱਖੀ ਦੀ ਝਲਕ ਵਿਖਾਉਣ ਦਾ ਇਕ ਵਧੀਆ ਉਪਰਾਲਾ ਹੈ। ਇਥੋਂ ਲਗਪਗ 200 ਕਿਲੋਮੀਟਰ ਦੂਰ ਬੇਅ ਆਫ ਪਲੈਂਟੀ ਅੱਜ ਉਸ ਵੇਲੇ ਬੇਅ ਸਿੱਖਜ਼ ਆਫ ਪਲੈਂਟੀ ਬਣ ਗਿਆ ਜਦੋਂ ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅੱਠਵੇਂ ਨਗਰ ਕੀਰਤਨ ਦੇ ਵਿਚ ਹਜ਼ਾਰਾਂ ਦੀ ਗਿਣਤੀ ਦੇ ਵਿਚ ਸਿੱਖ ਭਾਈਚਾਰੇ ਨੇ ਸ਼ਮੂਲੀਅਤ ਕੀਤੀ।

ਸ੍ਰੀ ਅਖੰਠ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਿਆ ਅਤੇ ਫਿਰ 11.30 ਵਜੇ ਨਗਰ ਕੀਰਤਨ ਦੀ ਆਰੰਭਤਾ ਕੀਤੀ ਗਈ। ਭਾਈ ਮਲਕੀਤ ਸਿੰਘ ਸੁੱਜੋਂ ਵਾਲਿਆਂ ਦੇ ਜੱਥੇ ਨੇ ਗੁਰਬਾਣੀ ਕੀਰਤਨ ਦੇ ਨਾਲ ਪਹਿਲਾਂ ਗੁਰਦੁਆਰਾ ਸਾਹਿਬ ਅਤੇ ਫਿਰ ਨਗਰ ਕੀਰਤਨ ਦੇ ਵਿਚ ਸੰਗਤ ਨੂੰ ਸ਼ਬਦ ਗੁਰਬਾਣੀ ਨਾਲ ਜੋੜਿਆ। ਔਕਲੈਂਡ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਸ. ਕੰਵਲਜੀਤ ਸਿੰਘ ਬਖਸ਼ੀ ਵੀ ਇਸ ਮੌਕੇ ਵਿਸ਼ੇਸ਼ ਤੌਰ ’ਤੇ ਪਹੁੰਚੇ। ਉਨ੍ਹਾਂ ਸਮੂਹ ਸਿੱਖ ਸੰਗਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਵਿਰੋਧੀ ਧਿਰ ਦੀ ਨੇਤਾ ਜੂਠਿਤ ਕੌਲਿਨ ਦਾ ਵਧਾਈ ਸੰਦੇਸ਼ ਵੀ ਸੰਗਤ ਨੂੰ ਦਿੱਤਾ ਅਤੇ ਸਥਾਨਕ ਸਾਂਸਦ ਸ੍ਰੀ ਸਾਇਮਨ ਬ੍ਰਿਜਸ ਦੀ ਤਰਫ ਤੋਂ ਵੀ ਸੰਗਤ ਨੂੰ ਵਧਾਈ ਦਿੱਤੀ। ਲੇਬਰ ਪਾਰਟੀ ਤੋਂ ਮੰਤਰੀ ਜੈਨ ਟੇਨਿਟੀ, ਟੌਰੰਗਾ ਕੌਂਸਿਲ ਤੋਂ ਹੈਦੀ ਹੱਗਸ ਅਤੇ ਕੁਝ ਪੁਲਿਸ ਅਧਿਕਾਰੀ ਸਨ। ਭਾਰਤੀ ਹਾਈ ਕਮਿਸ਼ਨ ਤੋਂ ਸ੍ਰੀ ਪਰਮਜੀਤ ਸਿੰਘ ਵੀ ਇਸ ਸਮਾਗਮ ਦੇ ਵਿਚ ਸੰਗਤ ਨੂੰ ਵਧਾਈ ਦੇਣ ਵਾਸਤੇ ਪਹੁੰਚੇ। ਉਨ੍ਹਾਂ ਇਕ ਧਾਰਮਿਕ ਕਿਤਾਬ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਦਿਵਸ ਉਤੇ ਪ੍ਰਕਾਸ਼ਿਤ ਹੋਈ ਸੀ, ਗੁਰਦੁਆਰਾ ਸਾਹਿਬ ਵਾਸਤੇ ਭੇਟ ਕੀਤੀ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਮੈਨੇਜਮੈਂਟ ਤੋਂ ਸ. ਪੂਰਨ ਸਿੰਘ, ਸ. ਗੁਰਪਾਲ ਸਿੰਘ ਸ਼ੇਰਗਿਲ ਅਤੇ ਭਾਈ ਮਲਕੀਤ ਸਿੰਘ ਸੁੱਜੋਂ ਨੇ ਇਹ ਧਾਰਮਿਕ ਪੁਸਤਕ ਹਾਸਿਲ ਕੀਤੀ।

ਨਗਰ ਕੀਰਤਨ ਲਈ ਸੰਗਤ ਵਿਚ ਭਾਰੀ ਉਤਸ਼ਾਹ ਵੇਖਿਆ ਗਿਆ। ਸੰਗਤਾਂ ਲਈ ਰਸਤੇ ਵਿਚ ਡਰਿੰਕਾਂ, ਫਲ ਫਰੂਟ ਦੀ ਸੇਵਾ (ਓਪੋਟਿਕੀ ਸੰਗਤ), ਛਬੀਲਾਂ, ਤੜਕੇ ਵਾਲੇ ਕਾਲੇ ਛੋਲੇ, ਆਈਸ ਕ੍ਰੀਮ, ਚੀਜ਼ ਚਿੱਲੀ ਅਤੇ ਹੋਰ ਬਹੁਤ ਕੁਝ ਹਾਜ਼ਿਰ ਸੀ।

ਸਿਰ ’ਤੇ ਬੰਨਣ ਵਾਲੇ ਪਟਕਿਆਂ ਦੀ ਸੇਵਾ (ਟ੍ਰੈਵਲ 360) ਤੋਂ ਸ੍ਰੀ ਅਸ਼ਵਨੀ ਸ਼ਰਮਾ ਹੋਰਾਂ ਕੀਤੀ। ਨਗਰ ਕੀਰਤਨ ਦੀ ਰਹਿਨੁਮਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜਦ ਕਿ ਅਗਵਾਈ ਵਿਚ ਪੰਜ ਨਿਸ਼ਾਨਚੀਆਂ ਅਤੇ ਪੰਜ ਪਿਆਰਿਆਂ ਨੇ ਕੀਤੀ। ਅਕਾਲ ਖਾਲਸਾ ਸਿੱਖ ਮਾਰਸ਼ਲ ਆਟਰਸ ਤੋਂ ਗਤਕੇ ਵਾਲੇ ਸਿੰਘ ਗਤਕੇ ਦੇ ਜੌਹਰ ਵਿਖਾਉਣਗੇ।

ਟੌਰੰਗਾ ਨਗਰ ਕੀਰਤਨ ਦੀਆਂ ਝਲਕੀਆਂ




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976

# ਮਹਾਰਾਸ਼ਟਰ ਸਰਕਾਰ ਨੇ ਵਿਰੋਧੀ ਧਿਰ ਦੀ ਸੁਰੱਖਿਆ ਘਟਾਈ

ਮੁੰਬਈ, 11 ਜਨਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਸਰਕਾਰ ਨੇ ਭਾਜਪਾ ਸਮੇਤ ਕਈ ਵਿਰੋਧੀ ਧਿਰ ਦੇ ਨੇਤਾਵਾਂ ਦੀ ਸੁਰੱਖਿਆ ਘੱਟ ਕਰ ਦਿੱਤੀ ਜਾਂ ਹਟਾ ਲੈਣ ਬਾਰੇ ਬਾਕਾਇਦਾ ਹੁਕਮ ਜਾਰੀ ਕੀਤਾ ਹੈ। ਇਸ ਸੰਬੰਧ ਵਿੱਚ ਮਹਾਰਾਸ਼ਟਰ ਸਰਕਾਰ ਦੇ 8 ਜਨਵਰੀ ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ ਆਪੋਜ਼ੀਸ਼ਨ ਲੀਡਰ ਅਤੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਜ਼ੈਡ ਪਲੱਸ ਸੁਰੱਖਿਆ ਦੀ ਜਗ੍ਹਾ ਐਸਕਾਰਟ ਦੇ ਨਾਲ ਵਾਈ ਪਲੱਸ ਸਕਿਓਰਿਟੀ ਦਿੱਤੀ ਗਈ ਹੈ। ਉਨ੍ਹਾਂ ਕੋਲੋਂ ਬੁਲੇਟਪਰੂਫ ਗੱਡੀ ਵਾਪਸ ਲੈ ਲਈ ਗਈ ਹੈ। ਫੜਨਵੀਸ ਦੀ ਪਤਨੀ ਅੰਮ੍ਰਿਤਾ ਅਤੇ ਬੇਟੀ ਦਿਵਿਜਾ ਦੀ ਸੁਰੱਖਿਆ ਵਿੱਚ ਕਟੌਤੀ ਕਰਕੇ ਉਸ ਨੂੰ ਵਾਈ ਪਲੱਸ ਤੋਂ ਘਟਾ ਕੇ ਐਕਸ ਸ਼੍ਰੇਣੀ ਦਾ ਕਰ ਦਿੱਤਾ ਗਿਆ ਹੈ। ਮਹਾਰਾਸ਼ਟਰ ਨਵਨਿਰਮਾਣ ਸੈਨਾ(ਐਮ ਐਨ ਐਸ) ਦੇ ਮੁਖੀ ਰਾਜ ਠਾਕਰੇ ਦੀ ਸੁਰੱਖਿਆ ਜ਼ੈਡ ਪਲੱਸ ਤੋਂ ਘਟਾ ਕੇ ਵਾਈ ਪਲੱਸ ਵਿਦ ਐਸਕਾਰਟ ਕੀਤੀ ਗਈ ਹੈ। ਕੇਂਦਰੀ ਮੰਤਰੀ ਰਾਮ ਅਠਾਵਲੇ ਨੂੰ ਵਾਈ ਪਲੱਸ ਐਸਕਾਰਟ ਦੀ ਜਗ੍ਹਾ ਕੇਵਲ ਵਾਈ ਪਲੱਸ ਸੁਰੱਖਿਆ ਮਿਲੇਗੀ। ਕੇਂਦਰੀ ਮੰਤਰੀ ਰਾਓ ਸਾਹਿਬ ਦਾਨਵੇ ਦੀ ਵਾਈ ਪਲੱਸ ਸੁਰੱਖਿਆ ਵਾਪਸ ਲੈ ਲਈ ਹੈ। ਸਾਬਕਾ ਗਵਰਨਰ ਰਾਮ ਨਾਇਕ ਦੀ ਸੁਰੱਖਿਆ ਵਿੱਚ ਕਟੌਤੀ ਕੀਤੀ ਹੈ। ਸੂਬਾ ਭਾਜਪਾ ਪ੍ਰਧਾਨ ਚੰਦਰਕਾਂਤ ਪਾਟਿਲ ਸਮੇਤ ਕਈ ਭਾਜਪਾ ਨੇਤਾਵਾਂ ਦੀ ਸੁਰੱਖਿਆ ਪੂਰੀ ਤਰ੍ਹਾਂ ਹਟਾਈ ਗਈ ਹੈ। 13 ਨਵੇਂ ਲੋਕਾਂ ਨੂੰ ਸੁਰੱਖਿਆ ਦਿੱਤੀ ਗਈ ਹੈ, ਜਿਨ੍ਹਾਂ ਵਿਚ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਪਤਨੀ ਸੁਨੇਤਰਾ, ਯੁਵਾ ਸੈਨਾ ਦੇ ਸੈਕਟਰੀ ਅਤੇ ਮੁੱਖ ਮੰਤਰੀ ਠਾਕਰੇ ਦੀ ਪਤਨੀ ਰਸ਼ਮੀ ਠਾਕਰੇ ਦੇ ਭਤੀਜੇ ਵਰੁਣ ਸਰਦੇਸਾਈ ਸ਼ਾਮਲ ਹਨ। ਮਹਾਰਾਸ਼ਟਰ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਤੇਜ਼ ਹੋ ਗਿਆ ਹੈ। ਪ੍ਰਦੇਸ਼ ਭਾਜਪਾ ਨੇ ਇਸ ਕਦਮ ਨੂੰ ਮੰਦਭਾਗਾ ਦੱਸਿਆ ਹੈ।


UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification


Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7


KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best

ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ
Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.
House For Sale
$549,000

Oxford Rd 17- Fairway Rd

3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇਂ ਫਿਨੀਸ਼ਡ ਬੇਸਮੈਂਟ
Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.
House For Sale
$689,000

Sandalwood Pkwy- Fernforest Dr

ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ
Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station
House For Sale
$835,000

Mississauga Rd - Wanless Dr


Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# 'ਇਹ ਕਿਹੋ ਜਿਹਾ ਸੰਸਦ ਹੈ ਜਿੱਥੇ ਵਿਰੋਧੀ ਦੀ ਕੋਈ ਹੋਂਦ ਨਹੀਂ'

5 ਜੂਨ 2020 ਤੋਂ ਬਾਹਦ ਭਾਰਤ ਅੰਦਰ ਅਰੰਭ ਹੋਏ ਕਿਸਾਨ ਅੰਦੋਲਨ ਦੀ ਚਰਚਾ ਅੱਜ ਸੰਸਾਰ ਭਰ ਵਿਚ ਹੋ ਰਹੀ ਹੈ। ਸਾਰੀ ਦੁਨੀਆਂ ਹੀ ਇਸ ਅੰਦੋਲਨ ਤੇ ਮੋਦੀ ਸਰਕਾਰ ਦੇ ਰਵੱਈਏ ਨੂੰ ਗਹੁ ਨਾਲ ਦੇਖ ਰਹੀ ਹੈ। ਸਰਕਾਰ ਦੇ ਚਿਤ-ਚੇਤੇ ਵੀ ਨਹੀਂ ਸੀ ਕਿ ਨਵੇਂ ਬਣਾਏ ਤਿੰਨ ਖੇਤੀ ਕਾਨੂੰਨ ਸਰਕਾਰ ਦੇ ਗਲੇ ਦੀ ਹੱਡੀ ਬਣ ਜਾਣਗੇ। ਇਹ ਅਸਲ ਵਿਚ ਇਕੱਲੇ ਖੇਤੀ ਕਾਨੂੰਨਾਂ ਦਾ ਮਸਲਾ ਨਹੀਂ. ਸਗੋਂ ਮੋਦੀ ਸਰਕਾਰ ਦੇ ਰਵੱਈਏ ਦਾ ਮਸਲਾ ਵਧੇਰੇ ਹੈ, ਜੋ ਇਸ ਨੇ ਪਿਛਲੇ ਸੱਤ ਸਾਲਾਂ ਦੌਰਾਨ ਅਖਤਿਆਰ ਕੀਤਾ ਹੋਇਆ ਹੈ।ਲੋਕਤੰਤਰ ਵਿਚ ਵੋਟਾਂ ਨਾਲ ਚੁਣੇ ਜਾਂਦੇ ਆਪਣੇ ਆਗੂ ਨੂੰ ਇਸ ਤਰ੍ਹਾਂ ਦੀ ਕੋਈ ਦੈਵੀ ਸ਼ਕਤੀ ਨਹੀਂ ਬਖਸ਼ੀ ਜਾਂਦੀ .ਨਾ ਹੀ ਉਸ ਨੂੰ ਕੋਈ ਤਾਨਾਸ਼ਾਹ ਬਣਨ ਦਾ ਮੌਕਾ ਦਿੰਦੀ ਹੈ। ਉਹ ਸੰਸਦ ਰਾਹੀਂ ਪਾਸ ਕੀਤੇ ਜਾਂਦੇ ਕਾਨੂੰਨਾਂ ਜ਼ਰੀਏ ਲੋਕਰਾਜੀ ਢੰਗ ਨਾਲ ਸ਼ਾਸਨ ਚਲਾਉਂਦਾ ਹੈ। ਅੱਜ ਕੱਲ੍ਹ ਦੁਨੀਆ ਦੇ ਕਈ ਦੇਸ਼ਾਂ ਅੰਦਰ ਮਹਾਮਾਰੀ ਦੀ ਆੜ ਹੇਠ ਨਿਰੰਕੁਸ਼ ਪ੍ਰਵਿਰਤੀਆਂ ਦੀ ਨਵੀਂ ਅਲਾਮਤ ਬਹੁਤ ਆਸਾਨੀ ਨਾਲ ਸਿਰ ਚੁੱਕ ਰਹੀ ਹੈ। ਹੋ ਸਕਦਾ ਹੈ ਕਿ ਇਹ ਸੰਸਦ ਦਾ ਭੂਤ ਹੋਵੇ ਜਿੱਥੇ ਵਿਰੋਧੀ ਦੀ ਕੋਈ ਹੋਂਦ ਨਹੀਂ, ਜਾਂ ਕਹਿ ਲਓ ਕਿ ਸਿਹਤ ਐਮਰਜੈਂਸੀ ਕਹਿ ਕੇ ਪਾਰਲੀਮੈਂਟ ਮੁਲਤਵੀ ਕਰ ਦਿੱਤੀ ਜਾਂਦੀ ਹੋਵੇ ਜਾਂ ਫਿਰ ਘੋਰ ਬਹੁਮਤ ਦਾ ਨਸ਼ਾ ਸਿਰ ਨੂੰ ਚੜ੍ਹਨ ਕਰਕੇ ਇਹ ਆਦਤ ਹੀ ਬਣ ਗਈ ਹੋਵੇ।


ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ

ਹੁਣ ਇਹ ਗੱਲ ਇਤਿਹਾਸ ਦਾ ਹਿੱਸਾ ਬਣ ਗਈ ਹੈ ,ਕਿ ਭਾਰਤੀ ਸੰਸਦ ਵੱਲੋਂ ਹਾਲ ਹੀ ਵਿਚ ਪਾਸ ਕੀਤੇ ਗਏ ਤਿੰਨ ਖੇਤੀ ਬਿਲਾਂ ਨੇ ਕਿਸਾਨੀ ਰੋਹ ਦੀ ਉਹ ਲਹਿਰ ਖੜ੍ਹੀ ਕਰ ਦਿੱਤੀ ਹੈ. ਜਿਸ ਦੀ ਅਗਵਾਈ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼,ਬਿਹਾਰ ਮਹਾਰਾਸ਼ਟਰ ,ਮੱਧ ਪ੍ਰਦੇਸ਼ ਤੇ ਗੁਜ਼ਰਾਤ ਦੇ ਲੱਖਾਂ ਕਿਸਾਨ ਕਰ ਰਹੇ ਹਨ .ਅਤੇ ਅਨੇਕਾਂ ਹੋਰ ਭਾਰਤ ਦੇ ਹੋਰਨਾਂ ਹਿੱਸਿਆਂ ਤੋਂ ਉਨ੍ਹਾਂ ਨਾਲ ਜੁੜ ਰਹੇ ਹਨ। ਉਹ ਚਾਹੁੰਦੇ ਹਨ ਕਿ ਇਹ ਤਿੰਨੋਂ ਕਾਨੂੰਨ ਰੱਦ ਕੀਤੇ ਜਾਣ ਅਤੇ ਕਿਸੇ ਜ਼ੁਬਾਨੀ ਕਲਾਮੀ ਭਰੋਸੇ ਦੀ ਥਾਂ ਸਾਰੀਆਂ ਖੇਤੀ ਜਿਣਸਾਂ ਲਈ ਵਾਜਬ ਘੱਟੋ-ਘੱਟ ਸਮਰਥਨ ਮੁੱਲ ਵਾਲੇ ਕਾਨੂੰਨ ਦਾ ਲਿਖਤੀ ਭਰੋਸਾ ਦਿੱਤਾ ਜਾਵੇ। ਜਿਸ ਨੂੰ ਸਰਕਾਰ ਹਾਲੇ ਮੰਨਣ ਤੋਂ ਇਨਕਾਰ ਕਰ ਰਹੀ ਹੈ .ਕਿਸਾਨ ਨੁਮਾਇੰਦਿਆਂ ਨਾਲ 8 ਵਾਰ ਮੀਟਿੰਗਾਂ ਹੋ ਚੁੱਕਿਆਂ ਜੋ ਸਾਰੀਆਂ ਹੀ ਬੇਸਿੱਟਾ ਰਹੀਆਂ .

ਰੋਹ ਦੀ ਚੜ੍ਹੀ ਆ ਰਹੀ ਲਹਿਰ ਜਮਹੂਰੀ ਆਗੂ ਦੇ ਤਖਤ, ਉਸ ਦੇ ਪੈਰਾਂ ਦੀ ਜ਼ਮੀਨ ਤੇ ਸ਼ਾਹੀ ਪੁਸ਼ਾਕ ਤੱਕ ਪਹੁੰਚਣ ਵਾਲੀ ਸੀ. ਜਦੋਂ ਬਲਪੂਰਵਕ ਉਸ ਨੂੰ ਰੋਕ ਲਿਆ ਗਿਆ। ਕਿਸਾਨਾਂ ਨੇ ਨਹੀਂ ਸਗੋਂ ਸਰਕਾਰ ਨੇ ਪੁਲਿਸ ਨੂੰ ਆਪਣੇ ਕੌਮੀ ਮਾਰਗ 'ਤੇ ਵੱਡੇ ਵੱਡੇ ਟੋਏ ਪੁੱਟਣ, ਤਹਿ ਦਰ ਤਹਿ ਬੈਰੀਕੇਡ ਲਾਉਣ ਅਤੇ ਜਲ ਤੋਪਾਂ ਵਰਤਣ ਦਾ ਹੁਕਮ ਦਿੱਤਾ।

ਤਾਂ ਵੀ ਰੋਹ ਦੀਆਂ ਲਹਿਰਾਂ ਖਾਮੋਸ਼ ਨਾ ਹੋਈਆਂ; ਇਨ੍ਹਾਂ ਸਗੋਂ ਹੋਰ ਚੜ੍ਹਤ ਦਾ ਰੁਖ ਲੈ ਲਿਆ ਅਤੇ ਅੰਤ ਨੂੰ ਰਾਜਧਾਨੀ ਦੀਆਂ ਬਰੂਹਾਂ 'ਤੇ ਟਿਕ ਕੇ ਬੈਠ ਗਈਆਂ। ਨਾਬਰੀ ਦਾ ਦਾਇਰਾ ਫੈਲਦਾ ਗਿਆ ਅਤੇ ਲਹਿਰ ਦਾ ਸੰਦੇਸ਼ ਹੁਣ ਭਾਰਤ ਦੇ ਹਰ ਕੋਨੇ ਵਿਚ ਫੈਲ ਰਿਹਾ ਹੈ।

ਆਗੂ ਕਹਿ ਰਿਹਾ ਹੈ ਕਿ ਉਸ ਨੂੰ ਗਲਤ ਢੰਗ ਨਾਲ ਸਮਝਿਆ ਗਿਆ ਹੈ। ਜੇ ਉਨ੍ਹਾਂ ਦੀ ਗੱਲ ਮੰਨੀ ਜਾਵੇ ਤਾਂ ਇਹ ਕਾਨੂੰਨ ਕਿਸਾਨਾਂ ਦੀ ਖੁਸ਼ਹਾਲੀ ਅਤੇ ਦੋ-ਚਹੁੰ ਸਾਲਾਂ 'ਚ ਉਨ੍ਹਾਂ ਦੀ ਆਮਦਨ ਦੁੱਗਣੀ ਕਰਨ ਦੇ ਮਕਸਦ ਨਾਲ ਲਿਆਂਦੇ ਗਏ ਹਨ। ਉਸ ਦੇ ਦਰਬਾਰੀ ਤੇ ਸਲਾਹੀਏ ਵੀ ਮੰਡੀ ਦੇ ਜਾਦੂ ਵਿਚ ਵਿਸ਼ਵਾਸ ਰੱਖਦੇ ਹਨ। ਘੱਟੋ-ਘੱਟ ਸਮਰਥਨ ਮੁੱਲ ਖੁਸ਼ਹਾਲੀ ਦੇ ਰਾਹ ਦਾ ਰੋੜਾ ਹੈ, ਸਿਰਫ ਖੁੱਲ੍ਹੀ ਮੰਡੀ ਹੀ ਖੁਸ਼ਹਾਲੀ ਦੇ ਸਕਦੀ ਹੈ।

ਇਹ ਤਿੰਨੋ ਕਾਨੂੰਨ ਖੁੱਲ੍ਹੀ ਮੰਡੀ ਬਣਾਉਣ ਲਈ ਲਿਆਂਦੇ ਗਏ ਹਨ ਜਿਸ ਵਿਚ ਅੰਬਾਨੀ ਦੀ ਟੀਮ ਖੇਤੀ ਵਸਤਾਂ ਦੀਆਂ ਆਪਣੀਆਂ ਪ੍ਰਚੂਨ ਦੇ ਮਾਲਾਂ ਦੀ ਲੜੀ ਫੈਲਾਉਣਾ ਚਾਹੁੰਦੀ ਹੈ ਜਾਂ ਅਡਾਨੀ ਦੇ ਬੰਦੇ ਪਹਿਲੋਂ ਹੀ ਉਸਾਰੇ ਜਾ ਚੁੱਕੇ ਸਾਇਲੋ ਧੌਲਰ ਅਨਾਜ ਨਾਲ ਭਰਨ ਅਤੇ ਉਨ੍ਹਾਂ ਕਿਸਾਨਾਂ ਨਾਲ ਮੁੱਲ-ਭਾਅ ਕਰਨ ਲਈ ਉਤਾਵਲੇ ਹਨ। ਵੱਡੀ ਗੱਲ ਇਹ ਕਿ ਜੇ ਕਿਸੇ ਗੱਲੋਂ ਵਿਵਾਦ ਖੜ੍ਹਾ ਹੋ ਜਾਵੇ ਤਾਂ ਕੋਈ ਦੀਵਾਨੀ ਅਦਾਲਤ ਨਹੀਂ, ਸਗੋਂ ਉਸੇ ਸਰਕਾਰ ਦੇ ਅਹਿਲਕਾਰ ਫੈਸਲਾ ਕਰਨਗੇ ਜਿਸ ਨੇ ਇਹ ਕਾਨੂੰਨ ਬਣਾਏ ਹਨ। ਤੇ ਜਿਨ੍ਹਾਂ ਰਾਜਾਂ ਵਿਚ ਇਹ ਸਭ ਕੁਝ ਹੋਣਾ ਬੀਤਣਾ ਹੈ, ਉਨ੍ਹਾਂ ਦੀ ਕੋਈ ਸੱਦ ਪੁੱਛ ਨਹੀਂ ਹੋਵੇਗੀ। ਕੇਂਦਰ ਸਰਕਾਰ ਨੇ ਕਾਨੂੰਨ ਪਾਸ ਕੀਤੇ ਹਨ, ਇਨ੍ਹਾਂ ਨੂੰ ਲਾਗੂ ਕੀਤਾ ਹੈ ਅਤੇ ਇਹੀ ਵਿਵਾਦ ਨਿਪਟਾਏਗੀ। ਭਾਰਤੀ ਸੰਵਿਧਾਨ 'ਚ ਸਿਰਜੇ ਸੰਘੀ ਢਾਂਚੇ ਵਿਚ ਤਾਕਤਾਂ ਦੀ ਵੰਡ ਦਾ ਸੰਕਲਪ ਦਿੱਤਾ ਗਿਆ ਹੈ ਤੇ ਉਪਰ ਦਿੱਤੀ ਹਾਲਤ ਤੋਂ ਵੱਧ ਹੋਰ ਕੇਂਦਰੀਕਰਨ ਕੀ ਹੋ ਸਕਦਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਕਦੇ ਵੀ ਅਜਿਹਾ ਕੋਈ ਕਾਨੂੰਨ ਨਹੀਂ ਮੰਗਿਆ ਸੀ. ਜਦੋਂਕਿ ਆਗੂ ਮੀਡੀਆ ਰਾਹੀਂ ਵਾਰ-ਵਾਰ ਸਹਿਜਤਾ ਨਾਲ ਕਹਿ ਰਿਹਾ ਹੈ, ਕਿ ਉਸ ਨੂੰ ਗਲਤ ਸਮਝਿਆ ਜਾ ਰਿਹਾ ਹੈ। ਇਸ ਦਾ ਕਾਰਨ ਪਾਕਿਸਤਾਨੀ, ਖਾਲਿਸਤਾਨੀ, ਮਾਓਵਾਦੀ ਅਤੇ ਅਰਬਨ ਨਕਸਲੀ ਤੇ ਪਤਾ ਨਹੀਂ ਹੋਰ ਕਿਹੜੇ ਕਿਹੜੇ ਸ਼ਬਦਾਂ ਨਾਲ ਭੰਡਿਆ ਜਾ ਰਿਹਾ ਹੈ .ਕਦੇ ਆਖਦੇ ਹਨ ਕਿ ਇਹਨਾਂ ਨਾਲ ਵਿਰੋਧੀ ਪਾਰਟੀਆਂ ਹੋ ਸਕਦੀਆਂ ਹਨ.ਜਿਹਨਾਂ ਨੇ ਇਨ੍ਹਾਂ ਸਾਰਿਆਂ ਦੇ ਵਿੱਚ ਘੁਸਪੈਠ ਕਰ ਲਈ ਹੈ .ਜਿਹੜੇ ਰਲ ਮਿਲਕੇ ਭੋਲੇ ਭਾਲੇ ਕਿਸਾਨਾਂ ਨੂੰ ਗੁਮਰਾਹ ਕਰ ਰਹੇ ਹਨ। ਇਹ ਪਹਿਲੀ ਵਾਰ ਨਹੀਂ ਹੋਇਆ। ਮੁਸਲਮਾਨਾਂ ਨੇ ਨਾਗਰਿਕਤਾ ਸੋਧ ਕਾਨੂੰਨ ਨੂੰ ਗਲਤ ਸਮਝਿਆ ਸੀ। ਕਸ਼ਮੀਰੀਆਂ ਨੂੰ ਧਾਰਾ 370 ਖਤਮ ਹੋਣ ਨਾਲ ਆਉਣ ਵਾਲੀ ਖੂਬਸੂਰਤੀ ਨਹੀਂ ਦਿਸੀ ਸੀ। ਜੀ.ਐਸ.ਟੀ. ਵਪਾਰੀਆਂ ਦੇ ਖਾਨੇ 'ਚ ਨਹੀਂ ਪਿਆ ਸੀ। ਮੁਸ਼ਕਿਲ ਨਾਲ ਦਿਨਕਟੀ ਕਰ ਰਹੇ ਗਰੀਬਾਂ ਨੇ ਨੋਟਬੰਦੀ ਦਾ ਗਲਤ ਮਤਲਬ ਕੱਢ ਲਿਆ ਸੀ ਤੇ ਨਾ ਹੀ ਪਰਵਾਸੀ ਮਜ਼ਦੂਰਾਂ ਨੂੰ ਅਚਨਚੇਤ ਲਾਗੂ ਕੀਤੇ ਗਏ ਲੌਕਡਾਊਨ ਦੇ ਫਾਇਦਿਆਂ ਦਾ ਪਤਾ ਲੱਗ ਸਕਿਆ .ਇਹ ਗੱਲ ਵੱਖਰੀ ਹੈ ਕਿ ਕੋਵਿਡ ਦੇ ਵਾਇਰਸ ਤੋਂ ਸ਼ਾਇਦ ਉਹ ਬਚ ਜਾਂਦੇ ਪਰ ਇਸ ਲੌਕਡਾਊਨ ਨੇ ਉਨ੍ਹਾਂ ਨੂੰ ਬਰਬਾਦ ਕਰ ਕੇ ਰੱਖ ਦਿੱਤਾ। ਫਿਰ ਵੀ ਆਗੂ ਦੇਸ਼ ਨੂੰ ਹਰ ਲਿਹਾਜ਼ ਤੋਂ ਮਹਾਨ ਬਣਾਉਣ ਵਿਚ ਲੱਕ ਬੰਨ੍ਹ ਕੇ ਜੁਟਿਆ ਹੋਇਆ ਹੈ।

ਅਸਲ ਵਿਚ ਉਸ ਨੂੰ 'ਅਸਲ ਦੇਸ਼ਭਗਤ' ਹੀ ਚੰਗੀ ਤਰ੍ਹਾਂ ਸਮਝਦੇ ਹਨ . 'ਦੇਸ਼ ਧਰੋਹੀਆਂ' ਵੱਲੋਂ ਉਸ ਦਾ ਵਿਰੋਧ ਹੀ ਕੀਤਾ ਜਾਂਦਾ ਹੈ। ਪ੍ਰਾਚੀਨ ਮਹਾਨ ਹਿੰਦੂ ਰਾਸ਼ਟਰ ਬਣਨ ਜਾ ਰਹੇ ਸਾਡੇ ਮੁਲਕ ਨੂੰ ਲੀਰੋ-ਲੀਰ ਕਰਨਾ ਚਾਹੁੰਦੇ ਲੋਕਾਂ (ਟੁਕੜੇ-ਟੁਕੜੇ ਗੈਂਗ) ਵੱਲੋਂ ਉਸ ਦੀ ਆਲੋਚਨਾ ਕੀਤੀ ਜਾਂਦੀ ਹੈ। ਅਸਲ ਵਿਚ ਉਹ ਇਸ ਮੁਲਕ ਦੇ ਲੋਕ ਹੀ ਨਹੀਂ ਹਨ . ਭਾਂਡੇ ਖੜਕਾ ਕੇ ਤੇ ਮੋਮਬੱਤੀਆਂ ਬਾਲ ਕੇ ਚੰਦ ਦਿਨਾਂ ਵਿਚ ਹੀ ਮਹਾਮਾਰੀ 'ਤੇ ਜਿੱਤ ਹਾਸਲ ਕੀਤੀ ਜਾ ਸਕਦੀ ਹੈ।

ਅਜੇ ਤਾਈਂ ਸਾਨੂੰ ਇਹ ਪਤਾ ਨਹੀਂ ਚੱਲ ਸਕਿਆ ਕਿ ਕੀ ਉਸ ਦੇ ਦਰਬਾਰੀ, ਸਲਾਹੀਏ, ਮੰਤਰੀ, ਪੰਡਤ ਤੇ ਮੁੱਖਧਾਰਾਈ ਮੀਡੀਆ ਨੂੰ ਇਸ ਗੱਲ 'ਤੇ ਯਕੀਨ ਹੈ ਕਿ ਨਹੀਂ। ਬੇਸ਼ੱਕ ਉਹ ਰਾਈ ਮਾਤਰ ਸ਼ੰਕਾ ਦਾ ਵੀ ਇਜ਼ਹਾਰ ਨਹੀਂ ਕਰ ਸਕਦੇ। ਇਸ ਸਿਆਸਤ ਵਿਚ ਜੋ ਇਕਮਾਤਰ ਖੇਡ ਖੇਡੀ ਜਾਂਦੀ ਹੈ .ਉਸ ਦਾ ਨਾਂ ਸਮਝ-ਬੂਝ ਨਹੀਂ ਸਗੋਂ ਖੁਸ਼ਾਮਦ, ਕਿੰਤੂ-ਪਰੰਤੂ ਨਹੀਂ ਸਗੋਂ ਵਫਾਦਾਰੀ, ਮੱਤਭੇਦ ਨਹੀਂ ਸਗੋਂ ਆਤਮ ਸਮਰਪਣ ਹੀ ਹੈ।ਦੇਸ਼ ਦਾ ਰਾਸ਼ਟਰਪਤੀ ਵੀ ਘੂਕ ਦੀ ਨੀਂਦ ਸੁੱਤਾ ਪਿਆ ਹੈ .ਜਿਸ ਨੂੰ ਜਾਗਣ ਦੀ ਜ਼ਰੂਰਤ ਹੈ ਉਸ ਨੂੰ ਇਹ ਵੀ ਨਹੀਂ ਪਤਾ ਹੋਣਾ ਕਿ ਦਿੱਲੀ ਦੇ ਬਾਹਰ ਕੀ ਹੋ ਰਿਹਾ ਹੈ .ਕੀ ਕਰਨਾ ਹੈ ਇਹੋ ਜਿਹੇ ਰਾਸ਼ਟਰਪਤੀ ਦਾ ?ਮੋਦੀ ਦੇ ਸਿਰ ਤੇ ਤਾਂ ਬਹੁਮੱਤ ਦਾ ਨਸ਼ਾ ਚੜ੍ਹਿਆ ਹੋਇਆ ਹੈ .ਪਰ ਰਾਸ਼ਟਰਪਤੀ ਦੇ ਸਿਰ ਤੇ ਤਾਂ ਨਹੀਂ ਚੜ੍ਹਨਾ ਚਾਹੀਦਾ .ਉਹ ਹੀ ਕੋਈ ਮੋਦੀ ਨੂੰ ਸਮਝਾ ਲਵੇ ਕੀ ਜੇ ਕਿਸਾਨ ਕਨੂੰਨ ਨਹੀਂ ਚਾਹੁੰਦੇ ਫਿਰ ਕਿਉਂ ਧੱਕੇ ਨਾਲ ਉਹਨਾਂ ਦੇ ਸਿਰ ਮੜ੍ਹੀ ਜਾ ਰਿਹਾ ਹੈ .ਅੱਜ ਕੋਈ ਵੀ ਸਰਕਾਰ ਦਾ ਨੁਮਾਇੰਦਾ ਮੋਦੀ ਅਗੇ ਬੋਲਣ ਨੂੰ ਤਿਆਰ ਨਹੀਂ ਹੈ .ਜੇ ਮੋਦੀ ਜਿੱਦ ਤੇ ਅੜ੍ਹਿਆ ਰਿਹਾ ਤਾਂ ਇਸ ਵਿੱਚ ਦੇਸ਼ ਦਾ ਭਲਾ ਨਹੀਂ ਸਗੋਂ ਨੁਕਸਾਨ ਹੀ ਹੋਵੇਗਾ .ਇਹ ਗੱਲ ਅਗਲੀ ਆਉਣ ਵਾਲੀ ਮੀਟਿੰਗ ਤੋਂ ਪਹਿਲਾਂ ਪਹਿਲਾਂ ਸੋਚ ਲੈਣੀ ਚਾਹੀਦੀ ਹੈ।

# ਕੁਲ ਹਿੰਦ ਕਿਸਾਨ ਸਭਾ ਦਾ ਸ਼ਾਨੇ-ਮੱਤਾ ਇਤਿਹਾਸ

## ਅਣ-ਫਰੋਲੇ ਵਰਕੇ !

ਭਾਰਤ ਦੇ ਇਤਿਹਾਸ ਅੰਦਰ ਅਨਿਆਏ, ਜ਼ਬਰ ਅਤੇ ਨਾਬਰਾਬਰੀ ਵਿਰੁਧ ਲੜਦਿਆਂ ਇਨਕਲਾਬੀ ਸੂਰਮਗਤੀ, ਸ਼ਹਾਦਤਾਂ ਦੇਣ ਅਤੇ ਕੁਰਬਾਨੀ ਕਰਨ ਵਾਲੇ ਨਾਬਰ ਸੂਰਮਿਆਂ ਦੀ ਇਕ ਬਹੁਤ ਵੱਡੀ ਕਤਾਰ ਹੈ। ਰਾਜਨੀਤਕ ਤਬਦੀਲੀ ਲਈ ਮੱਧ-ਯੁੱਗ ਤੋਂ ਲੈ ਕੇ ਆਜ਼ਾਦੀ ਤੋਂ ਪਹਿਲਾ ਅਤੇ ਬਾਅਦ ਵਿੱਚ ਸਮਾਜਕ ਜੀਵਨ ਦੇ ਵੱਖੋ ਵੱਖ ਖੇਤਰਾਂ ਅੰਦਰ ਚਲੀਆਂ ਅਤੇ ਲੜੀਆਂ ਗਈਆਂ ਅਚੇਤ ਅਤੇ ਸੁਚੇਤ ਲਹਿਰਾਂ ਜਿਨਾਂ ਨੇ ਸਮਾਜਕ ਤਬਦੀਲੀ ਅੰਦਰ ਬਹੁਤ ਇਨਕਲਾਬੀ ਰੋਲ ਅਦਾ ਕੀਤਾ ਸੀ, ਉਨ੍ਹਾਂ ਲਹਿਰਾਂ ਨੂੰ ਸਮਝਣ ਅਤੇ ਮੁਲੰਕਣ ਕਰਨ ਲਈ ਅੱਜ ਇਕ ਵੱਡੀ ਲੋੜ ਹੈ! ਸਮਾਜਕ ਪ੍ਰੀਵਰਤਨ ਦੇ ਪਿੜ ਅੰਦਰ ਸ਼ਹਾਦਤਾਂ ਦੇਣ ਵਾਲੇ ਇਨਕਲਾਬੀਆਂ ਦਾ ਸੁਪਨਾ ਸੀ, 'ਕਿ ਆਜਾਦੀ ਬਾਅਦ ਦੇਸ਼ ਦੇ ਵਾਰਸ ਉਹ ਹੋਣੇ ਚਾਹੀਦੇ ਹਨ ਜਿਹੜੇ ਲੋਕਾਂ ਨੂੰ ਇਕ ਸ਼ਾਨਦਾਰ ਸਮਾਜ ਦੇ ਸੱਕਣ? ਪਰ ਮਾਜੂਦਾ ਲੁਟੇਰਾ ਹਾਕਮ ਸਾਡੇ ਸਿਦਕੀ ਤੇ ਅਡੋਲ ਰਹਿ ਕੇ ਕੁਰਬਾਨੀਆਂ ਕਰਨ ਵਾਲੇ ਇਨਕਲਾਬੀਆਂ ਦੀਆਂ ਖਾਹਸ਼ਾਂ ਨਾ ਪੂਰੀਆਂ ਕਰ ਸਕੇ ਤੇ ਨਾ ਹੀ ਉਨ੍ਹਾਂ ਦੇ ਵਾਰਸ ਬਣ ਸਕੇ। ਅੱਜ ਦੇਸ਼ ਦੀ ਸਭ ਤੋਂ ਵੱਡੀ ਮੁੱਖੀ ਲੋਕਾਈ ਦਿੱਲੀ ਦੇ ਕਿੰਗਰਿਆ ਦੇ ਆਲੇ-ਦੁਆਲੇ ਘੇਰਾ ਪਾਈ ਬੈਠੀ ਕਿਸਾਨੀ, 'ਆਰਥਿਕ, ਸੱਭਿਆਚਾਰਕ ਅਤੇ ਬੌਧਿਕ ਪੱਖੋਂ ਤਬਦੀਲੀ ਲੋੜਦੀ ਹੈ। ਪਰ ਹਕੀਕਤ ਵਿੱਚ ਅਜੋਕੇ ਭਾਰਤੀ ਸਮਾਜ ਦੀ ਰਾਜਸਤਾ ਤੇ ਕਾਬਜ ਬਾਹਰੀ ਤੇ ਅੰਦਰੂਨੀ ਪਰਤਾ ਅੰਦਰ ਕਾਰਪੋਰੇਟੀ ਪੂੰਜੀਵਾਦੀ ਤੇ ਫਿਰਕੂ ਸ਼ਕਤੀਆਂ ਦਾ ਰੰਗ ਚੜ੍ਹਿਆ ਹੋਇਆ ਹੈ। ਇਸ ਤਨਾਅ ਅੰਦਰ ਲੋਕਾਂ ਦੀ ਤਾਕਤ, ਜੱਥੇਬੰਦੀ ਅਤੇ ਸੰਘਰਸ਼ਾਂ ਰਾਹੀਂ ਪੈਦਾ ਹੋਈ ਚੇਤਨਾ ਦੀਆਂ ਸੰਭਾਵਨਾ ਨੂੰ ਤੋਲਦੇ ਹੋਏ ਹੀ ਅੱਗੇ ਵੱਧਿਆ ਜਾ ਸਕਦਾ ਹੈ। ਕਿਸਾਨੀ ਦੇ ਉਭਾਰ ਨੂੰ ਅੱਗੇ ਵਧਣ ਲਈ ਆਰਥਿਕ ਸੰਸਾਰੀਕਰਨ ਦੀ ਵਿਰੋਧੀ ਸੰਸਾਰੀ ਮਾਨਵੀ ਲਹਿਰ ਦਾ ਅੰਜ਼ਾਦਾ ਲਾਉਣ ਤੋਂ ਉਕਣਾ ਵੀ ਨਹੀਂ ਚਾਹੀਦਾ ਹੈ। ਸਾਨੂੰ ਆਪਣਾ ਯੁੱਧਨੀਤਕ ਨਿਸ਼ਾਨਾਂ ਅਤੇ ਜਮਾਤੀ ਦੁਸ਼ਮਣ ਨੂੰ ਕਦੀ ਵੀ ਨਾ ਭੁਲਣਾ ਅਤੇ ਨਾ ਹੀ ਕਦੀ ਕਮਜ਼ੋਰ ਸਮਝਣਾ ਚਾਹੀਦਾ ਹੈ।

ਦੇਸ਼ ਅੰਦਰ ਕਿਸਾਨੀ ਲਹਿਰ, ਸੰਗਠਨ, ਸੰਘਰਸ਼ ਅਤੇ ਪ੍ਰਾਪਤੀਆਂ ਨੂੰ ਜਾਣਨਾ ਵੀ ਜ਼ਰੂਰੀ ਹੈ। ਇਨ੍ਹਾਂ ਪਿਛੇ ਸਾਡੇ ਆਰਥਿਕ, ਸਮਾਜਕ ਅਤੇ ਸੱਭਿਆਚਾਰਕ ਹਿਤ, ਵਿਰਸਾ ਤੇ ਇਤਿਹਾਸ ਲੁਕਿਆ ਹੋਇਆ ਹੁੰਦਾ ਹੈ। ਲਹਿਰਾਂ ਨੂੰ ਸਮਝਣ, ਮਜ਼ਬੂਤ ਕਰਨ ਤੇ ਅੱਗੇ ਵੱਧਣ ਲਈ ਪਿਛੋਕੜ ਦੀ ਪਰਪੱਕਤਾ ਪ੍ਰਤੀ ਜਾਣਕਾਰੀ ਹੀ ਸਾਡੇ ਵਿਰਸੇ ਨੂੰ ਜਿਉਂਦਾ ਰੱਖਦੀ ਹੈ। ਭਾਵੇਂ ਤਬਦੀਲੀ ਕੁਦਰਤ ਦੇ ਨਿਯਮ ਹਨ। ਪਰ ਵਸਤੂ ਨਿਰੰਤਰ ਗਤੀ ਅਤੇ ਵਿਕਾਸ ਦੇ ਅਮਲ ਵਿੱਚੋਂ ਹੀ ਲੰਘ ਕੇ ਅੱਗੋ ਵੱਧਦੀ ਹੈ। ਇਸ ਲਈ ਸਾਨੂੰ ਬੌਧਿਕ ਅਤੇ ਵਿਚਾਰਾਤਮਕ ਪ੍ਰਾਪਤੀਆਂ ਵਲ ਵੱਧਣ ਲਈ ਬਰੀਕੀ ਨਾਲ ਉਨ੍ਹਾਂ ਰਾਹਾਂ ਨੂੰ ਸਾਕਾਰਾਤਮਕ ਢੰਗ ਨਾਲ ਵਿਚਾਰਨਾ ਚਾਹੀਦਾ ਹੈ। ਜੋ ਰਾਹ, ਵਿਚਾਰ ਅਤੇ ਨਿਸ਼ਾਨੀਆਂ ਸਾਡੇ ਵੱਡੇ-ਵਡੇਰੇ ਛੱਡ ਗਏ ਹਨ। ਅੱਜ ਦੇਸ਼ ਅੰਦਰ ਚਲ ਰਿਹਾ ਕਿਸਾਨੀ ਅੰਦੋਲਨ ਜੋ ਪੜਾਵਾਂ, ਰਾਹਿਆਂ, ਸਮੱਸਿਆਵਾਂ, ਮੁਸ਼ਕਲਾਂ ਅਤੇ ਰਾਜਸਤਾ ਅੰਦਰ ਕਾਬਜ਼ ਛਾਤੁਰ ਰਾਜਨੀਤਕਾਂ ਦੇ ਅੜਿਕਿਆ ਨੂੰ ਪਾਰ ਕਰਦਾ ਹੋਇਆ ਅੱਗੇ ਵੱਧ ਰਿਹਾ ਹੈ। ਉਸ ਨੂੰ ਜਿੱਤ ਤੱਕ ਪੁੱਜਣ ਲਈ ਸਮਾਂ ਤਾਂ ਜ਼ਰੂਰ ਲੱਗੇਗਾ, ਪਰ ਕਾਹਲ ਦੀ ਲੋੜ ਨਹੀਂ, ਆਪਣਾ ਘੇਰਾ ਵਧਾਈ ਜਾਵੋ, ਹਾਕਮਾਂ ਦਾ ਘਮੰਡ ਅਤੇ ਹੱਠਪੁਣਾ ਖੁਦ ਤੈਸ-ਨੈਸ ਹੋ ਜਾਵੇਗਾ। ਸਾਨੂੰ ਸਬਰ, ਕੁਰਬਾਨੀ ਅਤੇ ਜੱਥੇਬੰਦੀ ਦੀ ਮਜ਼ਬੂਤੀ ਲਈ ਸਬਕ ਤੇ ਸੇਧਾ ਜੋ ਕੁਲ ਹਿੰਦ ਕਿਸਾਨ ਸਭਾ ਤੋਂ ਮਿਲੀਆਂ ਹਨ, ਨੂੰ ਵਾਰ ਵਾਰ ਦੁਹਰਾਉਂਦੇ ਹੋਏ ਅੱਗੇ ਵੱਧਣਾ ਚਾਹੀਦਾ ਹੈ।

ਦੇਸ਼ ਦੀ ਪੁਰਾਣੀ ਵਿਰਾਸਤ ਅਤੇ ਇਤਿਹਾਸ ਨੂੰ ਸਮੇਂ ਸਮੇਂ ਦੇ ਹਾਕਮਾਂ ਨੇ ਆਪਦੀ ਖੁਸ਼ਨੂਦੀ ਲਈ ਨੇਸਤੋਨਾਬੂਦ ਕਰਨ 'ਚ ਕੋਈ ਕਸਰ ਨਹੀਂ ਛੱਡੀ ਸੀ। ਪਰ ਸਮਾਂ ਅਤੇ


ਜਗਦੀਸ਼ ਸਿੰਘ ਚੋਹਕਾ

ਮਨੁੱਖੀ ਕਿਰਤ ਸਭ ਤੋਂ ਵੱਡੀ ਮਹਾਂ-ਸ਼ਤੀ ਹੁੰਦੀ ਹੈ ਜੋ ਉਜੜੇ ਤੇ ਤਬਾਹ ਹੋਏ ਯੁਗਾਂ ਵਿਚਕਾਰ ਰਸਤਿਆਂ ਨੂੰ ਮੁੜ ਜੋੜ ਕੇ ਸਗੋਂ ਇਕ ਨਵਾਂ ਸੰਸਾਰ ਵਸਾ ਕੇ ਤਸ਼ਬੀਹ ਪੈਦਾ ਕਰਦੀ ਹੈ। ਦੇਸ਼ ਅੰਦਰ 1857 ਦੇ ਪਹਿਲੇ ਮੁਕਤੀ ਅੰਦੋਲਨ ਲਈ ਉਠੇ ਭਾਂਬਰਾਂ ਨੇ ਈਸਟ ਇੰਡੀਆ ਕੰਪਨੀ ਵਿਰੁੱਧ (ਬਰਤਾਨਵੀ ਬਸਤੀਵਾਦੀ ਸਾਮਰਾਜ) ਇਕ ਬੇ-ਮਿਸਾਲ ਜੇਹਾਦ ਛੇੜਿਆ ਸੀ। ਪਹਿਲੇ ਆਜ਼ਾਦੀ ਦੇ ਇਸ ਗਦਰ ਦੇ ਫੇਲ੍ਹ ਹੋ ਜਾਣ ਬਾਦ ਬਰਤਾਨਵੀਂ ਸਾਮਰਾਜ ਨੇ ਈਸਟ ਇੰਡੀਆਂ ਕੰਪਨੀ ਭੰਗ ਕਰਕੇ ਭਾਰਤ ਨੂੰ ਸਿੱਧਾ ਬ੍ਰਿਟਿਸ਼ ਸਲਤਨਤ ਦੇ ਅਧੀਨ ਲਿਆ ਕੇ ਭਾਰਤ ਦਾ ਪਹਿਲਾ ਗਵਰਨਰ ਜਨਰਲ ਲਾਰਡ ਕੈਨਿੰਗ ਨੂੰ ਭਾਰਤੀਆਂ ਸਿਰ ਮੜ੍ਹ ਦਿੱਤਾ ਸੀ। ਪਰ ਲੋਕ ਅੰਦੋਲਨ ਨਾ ਕਦੀ ਬੰਦ ਹੁੰਦੇ ਹਨ ਤੇ ਨਾ ਕਦੀ ਖਤਮ ਕੀਤੇ ਜਾ ਸਕਦੇ ਹਨ। 1857 ਦੇ ਗਦਰ ਤੋਂ ਪਹਿਲਾਂ ਵੀ ਭਾਰਤ ਅੰਦਰ ਬਹੁਤ ਸਾਰੇ ਕਿਸਾਨੀ ਤੇ ਕਬਾਈਲੀ ਲੋਕਾਂ ਦੇ ਅੰਦੋਲਨ ਹੋ ਚੁੱਕੇ ਸਨ। ਸਾਲ 1770-1820 ਤਕ ਫਕੀਰ ਤੇ ਸੰਨਿਆਸੀ ਬਗ਼ਾਵਤਾਂ ਤੇ 1804-1860 ਤੱਕ ਇੰਡੀਗੋ ਬਗ਼ਾਵਤ ਹੋਈ ਸੀ। ਕਬੀਲਾ ਬਗ਼ਾਵਤਾਂ 'ਚ ਸੰਥਲ ਬਗ਼ਾਵਤ 1855-1857, ਮੁੰਡਾ ਬਗ਼ਾਵਤ 1899-1900, ਜੇਂਤੀਅ ਤੇ ਗਾਰੋ ਬਗ਼ਾਵਤਾਂ 1860-1870, ਭੀਲ ਕਬੀਲੇ ਦੀ ਬਗ਼ਾਵਤ 1818-1846 ਤੇ ਕੋਲ ਬਗ਼ਾਵਤਾਂ 1836-1854 ਹੋਈਆਂ ਸਨ। ਇਨ੍ਹਾਂ ਤੋਂ ਬਿਨ੍ਹਾਂ ਦੇਸ਼ ਅੰਦਰ ਰਾਜਨੀਤਕ ਤੇ ਸਮਾਜਕ ਲਹਿਰਾਂ ਜਿਨਾਂ ਵਿੱਚ ਖਿਲਾਫ਼ਤ ਲਹਿਰ 1919-1924, ਮਾਪਲਾ ਲਹਿਰ 1836-1854, ਦਿਓਬੰਦੀ ਲਹਿਰ 1867-1947, ਰੇਸ਼ਮੀ ਰੁਮਾਲ ਲਹਿਰ 1913-1920, ਖੁਦਾ-ਏ-ਖਿਦਮਤਗਾਰ ਲਹਿਰ 1929-1947, ਖ਼ਾਕਸਾਰ ਲਹਿਰ 1930-1947 ਤੇ ਪਰਜਾ ਮੰਡਲ ਤੇ ਕਿਸਾਨੀ ਅੰਦੋਲਨ 1920-1948 ਵੀ ਸ਼ਾਮਲ ਹਨ।

ਇਨ੍ਹਾਂ ਅੰਦੋਲਨਾਂ ਦਾ ਮੂਲ ਕਾਰਨ ਸੀ ਕਿਸਾਨੀ ਤੇ ਪੇਂਡੂ ਦਸਤਕਾਰਾਂ ਦੀ ਨਿਗਰ ਰਹੀ ਦਿਨੋ ਦਿਨ ਮਾੜੀ ਆਰਥਿਕ ਹਾਲਤ ? ਬਸਤੀਵਾਦੀ - ਰਾਜ ਅਤੇ ਰਾਜਸ਼ਾਹੀ ਇਲਾਕਿਆਂ ਅੰਦਰ ਕਿਸਾਨਾਂ ਦੀਆਂ ਮਾੜੀਆਂ ਫਸਲਾਂ, ਕੁਦਰਤੀ ਆਫ਼ਤਾਂ ਅਤੇ ਨਾ ਖੁਸ਼-ਗਵਾਰ ਹਾਲਾਤਾਂ ਕਾਰਨ ਜੇਕਰ ਕੋਈ ਕਿਸਾਨ ਵਕਤ ਸਿਰ ਮਾਮਲਾ ਨਾ ਤਾਰੇ ਤਾਂ ਉਸ ਦੀ ਜ਼ਮੀਨ ਵੇਚ ਕੇ ਮਾਮਲਾ ਤਾਰਿਆ ਜਾਂਦਾ ਸੀ। ਕਿਸਾਨਾਂ ਨੂੰ ਮਾਮਲਾ ਤਾਰਨ ਲਈ ਮਹਾਜਨਾਂ ਜਾਂ ਸ਼ਾਹੂਕਾਰਾਂ ਤੋਂ ਪੈਸਾ ਉਧਾਰ ਲੈ ਕੇ ਮਾਮਲਾ ਤਾਰਨਾ ਪੈਂਦਾ ਸੀ। ਹਲ ਵਾਹਕ ਵਿਆਜ ਤਾਰਦਾ ਹੀ ਮਰ ਜਾਂਦਾ ਸੀ, ਜਦਕਿ ਉਸ ਦਾ ਮੂਲ ਖੜਾ ਰਹਿੰਦਾ ਸੀ। ਫਿਰ ਮਰਦਾ ਕੀ ਨਾ ਕਰਦਾ! ਕਿਸਾਨਾਂ ਵੱਲੋਂ ਲੋਟੂਆਂ ਤੇ ਸ਼ਾਹੂਕਾਰਾਂ ਵਿਰੁਧ ਹਮਲੇ ਕਰਨੇ ਸ਼ੁਰੂ ਕਰ ਦਿੱਤੇ । ਉਹ ਗਰੀਬੀ, ਭੁੱਖਮਰੀ ਤੇ ਮਜਬੂਰੀ ਦਾ ਸਦਾ ਹੀ ਮਜਬੂਰ ਰਹਿੰਦਾ ਸੀ। ਸਮੇਂ ਸਮੇਂ ਅਤੇ ਵੱਖ-ਵੱਖ ਹਲਾਤਾਂ ਵੇਲੇ ਭਾਰਤ ਅੰਦਰ ਵੱਖ-ਵੱਖ ਵਰਗਾਂ ਦੇ ਕਿਸਾਨਾਂ, ਕਬੀਲਿਆਂ ਅਤੇ ਲੋਕਾਂ ਦੀ ਜਦੋਂ ਵੀ ਜ਼ਮੀਨ ਅਤੇ ਰੋਟੀ ਖੋਹੀ ਗਈ ਬਗ਼ਾਵਤੀ ਸੁਰਾਂ ਦਾ ਉਠਣਾ ਵੀ ਲਾਜ਼ਮੀ ਸੀ। ਆਪਣੀ ਲੁੱਟ ਲਈ ਹਾਕਮਾਂ ਵਲੋਂ ਜਿਵੇਂ ਜਿਵੇਂ ਲੋਕਾਂ ਦਾ ਸ਼ੋਸ਼ਣ ਤੇਜ਼ ਕੀਤਾ ਜਾਂਦਾ, ਲੋਕਾਂ ਅੰਦਰ ਰੋਹ ਵੀ ਪੈਦਾ ਹੁੰਦਾ ਜਾਂਦਾ ਅਤੇ ਹੱਕਾਂ ਲਈ ਲਹਿਰਾਂ ਵੀ ਉਠਦੀਆਂ ਰਹਿੰਦੀਆਂ। ਇਹ ਲਹਿਰਾਂ ਹੀ ਅੱਗੋ ਇਕ ਲੋਕ ਕਾਰਵਾਂ ਦਾ ਰੂਪ ਧਾਰਦੀਆਂ ਰਹੀਆਂ।

ਈਸਟ ਇੰਡੀਆ ਕੰਪਨੀ ਦੇ ਭਾਰਤ ਅੰਦਰ 1757-1857 ਦੇ ਇਕ ਸੌ ਸਾਲਾਂ ਦੇ ਰਾਜ ਅੰਦਰ ਭੂ-ਮਾਲਕੀ ਨੂੰ ਨਿਜੀ ਜਾਇਦਾਦ ਵਿੱਚ ਤਬਦੀਲ ਕਰਕੇ ਕਿਸਾਨਾਂ ਦਾ ਸ਼ੋਸ਼ਣ ਤੇਜ਼ ਕਰਨ ਲਈ ਰਾਹ ਖੋਲ੍ਹ ਦਿੱਤਾ। ਸਾਮਰਾਜੀਆਂ ਨੇ (1852 ਰੈਗੂਲਰ ਸੈਟਲਮੈਂਟ) ਜ਼ਰਈ ਮਾਲਕੀ ਸਿਸਟਮ ਰਾਹੀ ਪਹਿਲਾ ਜਿਮੀਦਾਰਾਂ ਨੂੰ ਭੋਅ ਮਾਲਕੀ ਦਾ ਹੱਕ ਦੇ ਕੇ ਜੋ ਸਰਕਾਰ ਨੂੰ ਮਾਮਲਾ ਦੇਵੇ ਤੇ ਅੱਗੋ ਮੁਜਾਰਾ ਰੈਂਟ 'ਤੇ ਭੋਅ ਲੈ ਕੇ ਇਸ ਨੂੰ ਵਾਹੁੰਦਾ ਸੀ, ਅਜਿਹਾ ਜ਼ਮੀਨੀ ਬੰਦੋਬਸਤ ਸਿਸਟਮ ਨੂੰ ਉਤਰੀ ਭਾਰਤ ਅੰਦਰ ਪ੍ਰਚਲਤ ਕੀਤਾ। ਦੱਖਣੀ ਭਾਰਤ ਅੰਦਰ ਰਿਉਤਵਾੜੀ (ਰਿਆਇਤ) ਸਿਸਟਮ ਚਾਲੂ ਸੀ। ਮਾਹਾਲਵਾੜੀ ਸਿਸਟਮ ਭਵ ਸਾਰਾ ਪਿੰਡ ਜਮੀਨ ਨੂੰ ਮਾਮਲੇ ਤੇ ਲੈ ਕੇ ਆਪੋ-ਆਪਣੀ ਜ਼ਮੀਨ ਮੁਤ-ਾਬਿਕ ਮਾਮਲਾ ਤਾਰਦੇ ਸਨ। ਜੰਗਲਾਤ ਕਨੂੰਨ 1920 ਮੁਤਾਬਿਕ ਆਦਿਵਾਸੀ ਲੋਕਾਂ ਨੂੰ ਪੁਸ਼ਤ-ਦਰ-ਪੁਸ਼ਤ ਜ਼ਮੀਨੀ ਮਾਲਕੀ ਦਾ ਅਧਿਕਾਰ ਸੀ। ਪਰ ਅਮਲ ਵਿੱਚ ਲੈਂਡ ਲਾਰਡ ਤੇ ਅਮੀਰ ਜ਼ਿਮੀਦਾਰ ਹੀ ਜ਼ਮੀਨਾਂ 'ਤੇ ਅਧਿਕਾਰ ਰੱਖਦੇ ਸਨ। ਬਾਕੀ ਸਭ ਮੁਜਾਰੇ ਹੁੰਦੇ ਸਨ। 1947 ਤੱਕ ਖੇਤ-ਮਜ਼ਦੂਰਾਂ ਦੀ ਗਿਣਤੀ 40ਫੀ ਸਦ ਸੀ। ਈਸਟ ਇੰਡੀਆਂ ਕੰਪਨੀ ਨੂੰ 18-ਵੀਂ ਤੋਂ 19-ਵੀਂ ਸਦੀ ਤੱਕ ਭਾਰਤ ਅੰਦਰ ਅਰਧ-ਸਾਮੰਤਵਾਦੀ ਜ਼ਮੀਨੀ ਹੱਕਾਂ ਨੂੰ ਉਪਰੋਕਤ ਸਿਸਟਮ ਅੰਦਰ ਹੋਰ ਮਜ਼ਬੂਤ ਕਰਦੇ ਹੋਏ ਕਿਸਾਨਾਂ ਤੇ ਮੁਜਾਰਿਆਂ ਦੇ ਸ਼ੋਸ਼ਣ ਨੂੰ ਹੋਰ ਤੇਜ਼ ਕਰਨ ਲਈ ਮੌਕਲੇ ਜਿਹੇ ਕੁਝ ਕਨੂੰਨ ਵੀ ਬਣਾਏ। ਜ਼ਮੀਨੀ ਸਿਸਟਮ ਅਤੇ ਇਨ੍ਹਾਂ ਕਨੂੰਨਾਂ ਅਧੀਨ ਭਾਰਤ ਦੇ ਕਰੋੜਾਂ ਕਿਸਾਨਾਂ, ਮੁਜਾਰਿਆਂ ਅਤੇ ਆਦੀਵਾਸੀ ਲੋਕਾਂ ਦਾ ਇਕ ਸਦੀ ਤਕ ਖੂਬ ਖੂਨ ਨਿਚੋੜਿਆ ਜਾਂਦਾ ਗਿਆ।

ਬਸਤੀਵਾਦ ਦੌਰਾਨ ਕਿਸਾਨੀ ਦੇ ਸ਼ੋਸ਼ਣ , ਆਰਥਿਕ ਮੰਦਹਾਲੀ ਅਤੇ ਸਮਾਜਕ ਅੱਤਿਆਚਾਰਾਂ ਦੀ ਹੱਦ ਦਾ ਕੋਈ ਸਿਰਾ ਹੀ ਨਾ ਰਿਹਾ ! ਕਿਸਾਨਾਂ ਦੀ ਬੇ-ਦਖਲੀ, ਮਾਮਲਾ ਨਾ ਤਾਰਨ ਕਾਰਨ ਕੁਰਕੀਆਂ, ਜੇਲ੍ਹਾਂ, ਕਰਜ਼ੇ ਦਾ ਭਾਰ, ਟੈਕਸਾਂ ਦੀ ਮਾਰ, ਮੰਡੀਆਂ ਅੰਦਰ ਹੁੰਦੀ ਲੁੱਟ, ਕਿਸਾਨੀ ਵਸਤ (ਅਨਾਜ) ਦੇ ਵਾਜਬ ਭਾਅ ਨਾ ਮਿਲਣੇ, ਖੇਤ-ਮਜ਼ਦੂਰਾਂ ਦੀ ਹਾਲਤ, 'ਗਰੀਬੀ ਤੇ ਕੰਗਾਲੀ ਕਾਰਨ ਬਹੁਤ ਉਲਟ-ਪੁਲਤ ਕਰਕੇ ਭਿਆਨਕ ਬਣਾ ਦਿੱਤੀ ਸੀ। ਕਈ ਵਾਰ ਕੁਦਰਤੀ ਆਫ਼ਤਾਂ ਅਤੇ ਅਕਾਲ ਕਾਰਨ ਲੱਖਾਂ ਲੋਕ ਮੌਤ ਦੇ ਮੂੰਹ 'ਚ ਚਲੇ ਗਏ। ਦੇਸ਼ ਅੰਦਰ ਬਸਤੀਵਾਦੀ ਹਾਕਮਾਂ ਵਿਰੁੱਧ ਆਵਾਜ਼ ਉਠਾਉਣ ਵਾਲੀ ਪਾਰਟੀ ਕਾਂਗਰਸ (1885 -ਤੋਂ ਬਾਦ) ਮਿਲ-ਵਰਤੋ ਵਾਲਾ ਰੋਲ ਅਦਾ ਕਰ ਰਹੀ ਸੀ। ਭਾਵੇਂ ਭਾਰਤ ਅੰਦਰ ਬਹੁਤ ਸਾਰੀਆਂ ਕਿਸਾਨੀ, ਆਦੀਵਾਸੀ ਅਤੇ ਸਮਾਜਕ ਨਿਆਂ ਲਈ ਅਚੇਤ ਅਤੇ ਸੁਚੇਤ ਲਹਿਰਾਂ ਵੀ ਚਲੀਆ। ਪਰ ਦੇਸ਼ ਅੰਦਰ ਕਿਸਾਨੀ ਦਾ ਕੋਈ ਜੱਥੇਬੰਦਕ ਢਾਂਚਾ, ਜੱਥੇਬੰਦੀ ਅਤੇ ਨਿਸ਼ਾਨਾਂ ਨਾ ਹੋਣ ਕਰਕੇ ਕਿਸੇ ਟੀਚੇ ਨੂੰ ਤੈਹ ਕਰਨਾ ਅਤੇ ਉਸ ਤੱਕ ਪੁੱਜਣ ਲਈ ਕੋਈ ਸਾਰਥਿਕ ਅਤੇ ਜੱਥੇਬੰਦਕ ਰਾਹ ਸਾਹਮਣੇ ਨਹੀਂ ਦਿਸਦਾ ਸੀ ? 20-ਵੀਂ ਸਦੀ ਦੇ ਦੂਸਰੇ ਦਹਾਕੇ ਪਹਿਲੀ ਸੰਸਾਰ ਜੰਗ (1914-1918) ਬਾਦ ਭਾਰਤ ਅੰਦਰ ਦੇਸ਼ ਦੀ ਆਰਥਿਕਤਾ ਸਮੇਤ ਸਾਰੇ ਭਾਰਤ-ਵਾਸੀਆਂ ਨੂੰ ਜੰਗ ਨੇ ਝੰਜੋੜ ਕੇ ਰੱਖ ਦਿੱਤਾ। ਪਰ 1917 ਨੂੰ ਮਹਾਨ ਸਮਾਜਵਾਦੀ ਸੋਵੀਅਤ ਅਕਤੂਬਰ ਇਨਕਲਾਬ ਨੇ ਤਾਂ ਦੁਨੀਆਂ ਦਾ ਨਕਸ਼ਾ ਹੀ ਬਦਲ ਦਿੱਤਾ। ਭਾਰਤ ਅੰਦਰ ਵਿਚਾਰ ਵਾਲਾਂ, ਚਿੰਤਕਾਂ ਅਤੇ ਸਮਾਜ ਦੇ ਅੰਦਰ ਇਕ ਵਰਗ ਦੇ ਲੋਕਾਂ ਦੀ ਰਾਜਸੀ ਸੋਚ ਨੂੰ ਟੁੰਬਦੇ ਹੋਏ ਅਕਤੂਬਰ ਸਮਾਜਵਾਦੀ ਇਨਕਲਾਬ ਨੇ ਉਨਾਂ ਦੀ ਸੋਚ ਨੂੰ ਬਦਲ ਕੇ ਰੱਖ ਦਿੱਤਾ।

ਕਿਸਾਨੀ ਅੰਦਰ ਜ਼ਰਈ ਸਮੱਸਿਆਵਾਂ ਅਤੇ ਇਨ੍ਹਾਂ ਦਾ ਸਮਾਜਕ ਜੀਵਨ ਤੇ ਪੈ ਰਹੇ ਪ੍ਰਭਾਵਾਂ ਸਬੰਧੀ 19-ਵੀਂ ਸਦੀ ਤੱਕ ਦੇਸ਼ ਅੰਦਰ ਕੋਈ ਵੀ ਤਰਤੀਬਵਾਰ ਸਟੱਡੀ ਹੋਂਦ ਵਿੱਚ ਨਹੀਂ ਆਈ ਸੀ। ਕਾਰਲ ਮਾਰਕਸ ਨੇ ਹੀ 1853 ਨੂੰ ''ਬ੍ਰਿਟਿਸ਼ ਰੂਲ ਇੰਨ ਇੰਡੀਆ ਲਿਖਤਾਂ'' ਵਿੱਚ ਭਾਰਤ ਅੰਦਰ ਹਾਲਾਤਾਂ ਸਬੰਧੀ ਦੱਸਿਆ, 'ਕਿ ਸਭ ਸਿਵਲ ਜੰਗਾਂ, ਹਮਲੇ, ਇਨ-ਕਲਾਬ, ਜਿੱਤਾਂ, ਅਕਾਲ, ਅਣ-ਕਿਆਸੇ ਰੂਪ ਵਿੱਚ ਗੁੰਝਲਦਾਰ, ਇਕ ਤੋਂ ਬਾਦ ਇਕ, ਭਾਰਤ ਵਿੱਚ ਇਹ ਐਕਸ਼ਨ ਜਿਵੇਂ ਵੀ ਮਰਜੀ ਦਿੱਸਣ, 'ਪਰ ਉਹ ਇਸ ਦੀ ਸਤ੍ਹਾਂ ਤੋਂ ਵਧੇਰੇ ਡੂੰਘੇਰੇ ਨਹੀਂ ਗਏ ਸਨ ! ਇੰਗਲੈਂਡ ਨੇ ਭਾਰਤੀ ਸਮਾਜ ਦੇ ਸਮੁੱਚੇ ਚੌਖਦੇ ਨੂੰ ਬੁਰੀ ਤਰ੍ਹਾਂ ਖੇਰੂ-ਖੇਰੂ ਕਰ ਦਿੱਤਾ ਹੈ ! ਜਿਸ ਦਾ ਕਿ ਮੁੜ ਇਕੱਠੇ ਹੋਣ ਦਾ ਕੋਈ ਲੱਛਣ ਅਜੇ ਨੇੜੇ-ਤੇੜੇ ਵੀ ਨਹੀਂ ਦਿੱਸ ਰਿਹਾ ਹੈ ? ਨਵੇਂ ਦੀ ਪ੍ਰਾਪਤੀ ਹੋਏ ਬਿਨ੍ਹਾਂ, 'ਪੁਰਾਣੇ ਸੰਸਾਰ ਦਾ ਗੁਆਚ ਜਾਣਾ, ਭਾਰਤ ਦੀ ਮਾਜੂਦਾ ਮੁਸੀਬਤ ਨੂੰ ਇਕ ਖਾਸ ਕਿਸਮ ਦੀ ਦਿਲਗੀਰੀ ਪ੍ਰਦਾਨ ਕਰਦਾ ਹੈ। ਬਰਤਾਨੀਆ, 'ਬਸਤੀਵਾਦੀ ਭਾਰਤ ਨੂੰ ਹਿੰਦੋਸਤਾਨ ਤੋਂ ਵੱਖ ਕਰਦਾ ਹੈ ! ਇਸ ਦੀਆਂ ਸਭ ਪੁਰਾਤਨ ਪ੍ਰੰਪਰਾਵਾਂ ਨਾਲੋਂ ਅਤੇ ਇਸ ਦੇ ਸਮੁੱਚੇ ਪਿਛਲੇ ਇਤਿਹਾਸ ਨਾਲੋ। ਈਸਟ ਇੰਡੀਆ ਕੰਪਨੀ, ਬਿਟਿਸ਼ ਵਪਾਰੀਆਂ ਅਤੇ ਪੂੰਜੀਪਤੀਆ ਦੀ ਇੱਕ ਵੱਡੀ ਜੱਥੇਬੰਦੀ ਨੇ ਭਾਰਤ ਨਾਲ ਇਕ ਵਪਾਰਕ ਵਸਤੂਆਂ ਦੀ ਮੰਡੀ ਵਜੋਂ ਵਿਵਹਾਰ ਕੀਤਾ! ਇਸ ਦੀ ਵਰਤੋਂ ਕੀਤੀ ਅਤੇ ਬਿਨ੍ਹਾਂ ਕਿਸੇ ਨਿਵੇਸ਼ ਕੀਤਿਆਂ ਅਤੇ ਬਿਨ੍ਹਾਂ ਭੁਗਤਾਨ ਕੀਤਿਆ, 'ਕੱਚਾ ਮਾਲ ਲੈਣ ਲਈ ਕਿਸਾਨੀ ਦੀ ਲੁੱਟ-ਖਸੁੱਟ ਦੇ ਜਾਗੀਰੂ ਢੰਗ-ਤਰੀਕਿਆਂ ਨੂੰ ਤਿਖਾ ਕੀਤਾ। ਵਪਾਰ ਅਤੇ ਭੋਅ ਉਤੇ ਟੈਕਸ ਲਗਾ ਕੇ ਉਨ੍ਹਾਂ ਨੂੰ ਲਾਭ ਵੱਜੋਂ ਪ੍ਰਾਪਤ ਕੀਤਾ। ਜਿਵੇਂ ਜਿਵੇਂ ਬਸਤੀਵਾਦ ਦੀ ਤਰੱਕੀ ਹੋਈ, ਬਰਤਾਨਵੀ-ਸਾਮਰਾਜ ਨੇ ਭਾਰਤੀ ਉਤਪਾਦਕਾਂ ਦੀ ਮੰਡੀ ਨੂੰ ਫਿਰ ਖਤਮ ਕਰਦੇ ਹੋਏ ਭਾਰਤੀ ਵਸਤਾਂ ਦੀ ਬਰਾਮਦ ਨੂੰ ਬਰਤਾਨੀਆਂ ਵਿੱਚ ਬਣੀਆਂ ਤਿਆਰ ਵਸਤਾਂ ਦੀ ਦਰਾਮਦ ਨਾਲ ਤਬਦੀਲ ਕਰ ਦਿੱਤਾ। ''ਪੁਰਾਤਨ ਪਿੰਡ ਅਧਾਰਤ ਢਾਂਚੇ ਦੇ ਟੁੱਟ ਜਾਣ ਨਾਲ ਉਤਪਾਦਕ ਸ਼ਕਤੀਆਂ ਵਿੱਚ ਸੁਧਾਰ ਤਾਂ ਹੋਇਆ'' ਪਰ ਕੰਗਾਲੀ ਅਤੇ ਬਸਤੀਵਾਲੀ ਲੁੱਟ-ਖਸੁੱਟ, ਅਕਾਲ ਅਤੇ ਮਹਾਂਮਾਰੀਆ ਕਾਰਨ ਪੈਦਾ ਹੋਈਆਂ ਦੁਸ਼ਵਾਰੀਆਂ ਅਤੇ ਕਰੋੜਾਂ ਲੋਕਾਂ ਦੀਆਂ ਹੋਈਆਂ ਮੌਤਾਂ 'ਤੇ ਗੋਰਿਆਂ ਨੇ ਕੋਈ ਪਛਤਾਵਾ ਨਹੀ ਕੀਤਾ ?

ਦੇਸ਼ ਅੰਦਰ ਬਹੁਤ ਸਾਰੀਆਂ ਕਿਸਾਨੀ ਲਹਿਰਾਂ ਅਤੇ ਵਿਦਰੋਹ ਵੀ ਨੋਟ ਕਰਨ ਨੂੰ ਦੇਖੇ ਜਾ ਸਕਦੇ ਹਨ। ਜਦੋਂ ਜਾਗੀਰਦਾਰਾਂ ਦੇ ਜ਼ੁਲਮਾਂ ਦੀ ਕੋਈ ਹਦ ਨਾ ਰਹੀ, ਸ਼ੋਸ਼ਣ ਹੱਦਾਂ-ਬੰਨੇ ਟੱਪ ਗਿਆ ਅਤੇ ਗੁੰਡਾਗਰਦੀ ਨੇ ਧੀ-ਭੈਣ ਤੇ ਹੱਥ ਚੱਕ ਲਏ ਤਾਂ ਲੋਕਾਂ ਦਾ ਸ਼ਾਂਤ ਪਿਆ ਖੂਨ ਫਿਰ ਇਕ ਉਬਾਲੇ ਦੇ ਰੂਪ ਧਾਰਕੇ ਕਈ ਵਾਰ ਸਾਹਮਣੇ ਵੀ ਆਉਂਦਾ ਰਿਹਾ। ਕੂਕਾਂ ਲਹਿਰ, ਮਾਲਾਬਾਰ ਅੰਦਰ ਮੋਪਲਾ ਵਿਦਰੋਹ, ਦੱਖਣ ਅੰਦਰ ਦੰਗੇ, ਸੰਥਾਲ ਤੇ ਇੰਡੀਗੋ ਬਗ਼ਾਵਤਾਂ ਇਨ੍ਹਾਂ ਸਭ ਪਿਛੇ ਕਿਸੇ ਨਾ ਕਿਸੇ ਰੂਪ ਵਿੱਚ ਕਿਸਾਨੀ ਸ਼ਾਮਲ ਸੀ ? ਵਹਾਬੀ ਲਹਿਰ, ਸੰਨਿਆਸੀ ਵਿਦਰੋਹ, ਫਿਰਾਇਜ਼ੀ ਲਹਿਰ, ਜਿਨ੍ਹਾਂ ਦਾ ਰਾਜਸੀ ਚਰਿਤਰ ਸੀ ਤੇ ਜੱਥੇਬੰਦਕ ਵੀ ਸਨ ਭਾਵੇਂ ਉਹ ਆਰਜੀ ਹੀ ਸਨ, ਪਰ ਕੋਈ ਮੰਤਵ ਸੀ ? ਕੁਝ ਲਹਿਰਾਂ ਕਈ ਵਾਰ ਹੇਠਾਂ ਤੱਕ ਪ੍ਰਭਾਵਤ ਹੋ ਕੇ ਅੱਗੇ ਵੱਧਦੀਆਂ ਰਹੀਆਂ। ਰੂਸੀ ਇਨ-ਕਲਾਬ ਨੇ ਭਾਰਤ ਅੰਦਰ ਕੌਮੀ ਲਹਿਰਾਂ ਨੂੰ ਕਾਇਆ-ਪਲਟਣ ਵਾਲਾ ਰੂਪ ਦੇਣ ਦਾ ਕੰਮ ਕੀਤਾ। ਬਹੁਤ ਸਾਰੇ ਰਾਜਾਂ 19-ਵੀਂ ਸਦੀ ਦੌਰਾਨ ਪੰਜਾਬ, ਮਾਲਾਬਾਰ, ਆਂਧਰਾ, ਬੰਗਾਲ, ਬਿਹਾਰ, ਯੂ.ਪੀ. ਤੇ ਹੋਰ ਥਾਵਾਂ 'ਤੇ ਕਿਸਾਨੀ ਲਹਿਰਾਂ ਅਤੇ ਅੰਦੋਲਨ ਪਨਪੇ । ਕਿਉਂਕਿ ਆਪਸੀ ਤਾਲ-ਮੇਲ ਨਾ ਹੋਣ ਕਰਕੇ ਅਣਡਿਟ ਰਹੇ, ਤੇ ਇਤਿਹਾਸ ਦਾ ਹਿੱਸਾ ਨਹੀਂ ਬਣ ਸਕੇ।

ਅਮਰੀਕਾ ਤੇ ਕੈਨੇਡਾ ਦੇਸ਼ਾਂ ਅੰਦਰ ਰੁਜ਼ਗਾਰ ਲਈ ਗਏ ਬਹੁਤ ਸਾਰੇ ਪੰਜਾਬੀ ਕਿਸਾਨਾਂ ਵੱਲੋਂ 1914-15 ਚਲਾਈ ਗਦਰ ਪਾਰਟੀ ਲਹਿਰ ਵਜੋਂ ਅਤੇ 1920-22 ਦੌਰਾਨ ਚਲੀ ਨਾ-ਮਿਲਵਰਤਨ ਲਹਿਰ ਜੋ ਕਾਂਗਰਸ ਅਤੇ ਖਿਲਾਫਤ ਕਮੇਟੀ ਵਲੋਂ ਚਲਾਈ ਗਈ ਤੇ ਬਾਦ ਵਿੱਚ ਵਾਪਸ ਲੈ ਲਈ ਗਈ ਸੀ, ਦਾ ਕਿਸਾਨਾਂ ਅੰਦਰ ਕਾਫੀ ਪ੍ਰਭਾਵ ਪਿਆ। ਸਾਲ 1920 ਦੌਰਾਨ ਦੇਸ਼ ਦੇ ਕਈ ਭਾਗਾਂ ਅੰਦਰ ਕਿਸਾਨਾਂ ਅੰਦਰ ਆਈ ਚੇਤਨਾ ਅਤੇ ਉਭਾਰ ਮਿਲਣ ਦੇ ਸਬੂਤ ਵੀ ਮਿਲਦੇ ਹਨ। ਜ਼ਰਈ ਮੱਸਲਿਆਂ ਸਬੰਧੀ ਪੰਜਾਬ, ਮਾਲਾਬਾਰ, ਆਂਧਰਾ, ਬੰਗਾਲ ਅਤੇ ਯੂ.ਪੀ. ਅੰਦਰ ਕਿਸਾਨਾਂ ਦੇ ਕਈ ਗਰੁਪਾਂ ਅਤੇ ਜੱਥੇਬੰਦੀਆਂ ਦੇ ਪਨਪਣ ਅਤੇ ਜੱਥੇਬੰਦ ਹੋਣਾ ਵੀ ਮਿਲਦਾ ਹੈ। ਪਰ ਉਨ੍ਹਾਂ ਅੰਦਰ ਕੋਈ ਤਾਲਮੇਲ ਨਾ ਹੋਣਾ ਜਿਸ ਰਾਹੀਂ ਦੇਸ਼ ਅੰਦਰ ਇਕ ਸੰਗਠਨ ਖੜਾ ਕੀਤਾ ਜਾ ਸੱਕੇ, ਮੁਮਕਿਨ ਨਹੀਂ ਦਿਸ ਰਿਹਾ ਸੀ। ਵੀਹਵਿਆਂ ਦੇ ਦੂਸਰੇ ਤੇ ਤੀਸਰੇ ਦਹਾਕਿਆਂ, 'ਚ ਗਦਰ ਪਾਰਟੀ ਦੇ ਕੁਝ ਆਗੂਆਂ ਵੱਲੋਂ ਮਾਸਕੋ ਪੜ੍ਹਕੇ ਕੋਮਿਨਟਰਨ ਨਾਲ ਰਿਸ਼ਤਾ ਜੋੜਿਆ। ਕੁਝ ਵਿਅੱਕਤੀਗਤ ਗਰੁੱਪਾਂ ਵਲੋਂ ਮਾਰਕਸਵਾਦੀ ਵਿਚਾਰਾਂ ਦੇ ਪ੍ਰਚਾਰ ਰਾਹੀਂ, ਕੁਝ ਬੁੱਧੀਜੀਵੀਆਂ ਵੱਲੋਂ ਲਾਹੌਰ, ਪੇਸ਼ਾਵਰ, ਕਾਨਪੁਰ ਤੇ ਮੇਰਠ ਸਾਜਸ਼ ਕੇਸ ਦੇ ਪ੍ਰਭਾਵ ਅੰਦਰ, ਕਾਬਲ ਵਿੱਚ ਗਦਰ ਪਾਰਟੀ ਦਾ ਕੇਂਦਰ ਕਾਇਮ ਹੋਣ ਕਾਰਨ, ਮਦਰਾਸ ਵਿਖੇ ਚਟਿਆਰ ਆਦਿ ਸਭ ਸੋਚਾਂ, ਵਿਚਾਰਵਾਨਾਂ ਅਤੇ ਗਰੁਪਾਂ ਵੱਲੋਂ ਦੇਸ਼ ਦੀ ਕਿਸਾਨੀ ਅੰਦਰ ਚੇਤਨਾ ਦੇ ਬੀਜ ਬੀਜੇ ਗਏ। 1926 ਨੂੰ ਭਾਈ ਸੰਤੋਖ ਤੇ ਭਾਈ ਰਤਨ ਸਿੰਘ ਵੱਲੋਂ ਕਿਰਤੀ (ਪੰਜਾਬੀ ਵਿੱਚ), 1922 ਨੂੰ ਲਾਹੌਰ ਵਿਖੇ ਇਨਕਲਾਬ ਪਰਚਾ ਗੁਲਾਮ ਹੁਸੈਨ ਵੱਲੋਂ (ਉਰਦੂ ਵਿੱਚ) ਕਾਕਾ-ਬਾਬੂ ਕਲਕੱਤਾ ਨੇ ਵੀ ਕਿਸਾਨੀ ਨੂੰ ਜਾਗਰੂਕ ਕੀਤਾ। ਵਰਕਰਜ਼ ਐਂਡ ਪੀਜੈਂਟਸ ਪਾਰਟੀ ਨੇ ਕਿਰਤੀਆਂ ਅਤੇ ਕਿਸਾਨਾਂ ਦੇ ਹਿਤਾਂ ਦੀ ਰਾਖੀ ਲਈ ਤੇ ਜਾਗੀਰਦਾਰੀ ਵਿਵੱਸਥਾ ਦੇ ਖਾਤਮੇ ਵਿਰੁਧ ਆਵਾਜ਼ ਉਠਾਈ।

1929-30 ਦੌਰਾਨ ਜਦੋਂ ਸੰਸਾਰ ਮੰਦਾ ਉਬਾਲੇ ਖਾਕੇ ਸਾਰੇ ਪੂੰਜੀਵਾਦੀ ਦੇਸ਼ਾਂ ਨੂੰ ਨਿਗਲ ਰਿਹਾ ਸੀ ਤਾਂ ਭਾਰਤ ਵੀ ਇਸ ਮੰਦੇ ਦੀ ਤਬਾਹੀ ਤੋਂ ਬੱਚ ਨਹੀਂ ਸਕਿਆ। ਸਭ ਤੋਂ ਵੱਧ ਮਾਰ ਪਈ ਕਿਸਾਨੀ ਅਤੇ ਪੇਂਡੂ ਲੋਕਾਂ ਨੂੰ ! ਖੇਤੀ ਵਸਤਾਂ (ਅਨਾਜ) ਦੀਆਂ ਕੀਮਤਾਂ ਇਕਦਮ ਹੇਠਾਂ ਡਿਗ ਪਈਆਂ। ਦੂਸਰੇ ਪਾਸੇ ਜਮੀਨੀ ਮਾਮਲਾ, ਟੈਕਸ, ਕਿਰਾਇਆ ਅਤੇ ਸ਼ਾਹੂਕਾਰਾਂ ਦੇ ਵਿਆਜ ਵਿੱਚ ਕੋਈ ਛੋਟ ਨਾ ਮਿਲੀ। ਬਹੁਤ ਸਾਰੇ ਸਥਾਨਾਂ 'ਤੇ ਕਿਸਾਨਾਂ ਦੀਆਂ ਜ਼ਮੀਨਾਂ ਖੁਸ ਗਈਆਂ ਅਤੇ ਮੰਦੇ ਕਾਰਨ ਪਏ ਭਾਰ ਨੇ ਉਨ੍ਹਾਂ ਨੂੰ ਬੇ-ਜਮੀਨੇ ਬਣਾ ਦਿੱਤਾ। ਪੇਂਡੂ ਦਸਤਕਾਰਾਂ ਦੇ ਧੰਦੇ ਚੌਪਟ ਹੋ ਗਏ ਤੇ ਇਹ ਸਾਰੇ ਬਦਕਿਸਮਤ ਭੀੜ ਅੰਦਰ ਮਰ-ਖੱਪ ਗਏ। ਤਬਾਹੀ ਅਤੇ ਉਜੜੇ ਭਵਿੱਖ ਦੀ ਇਕਟਿਕੀ ਵਾਲੇ ਇਹ ਪੇਂਡੂ ਗਰੀਬ ਸਹਿਕਦੇ ਹਰ ਪਾਸੇ ਦਿਸ ਰਹੇ ਸਨ। 1930 ਦੇ ਨੇੜੇ-ਤੇੜੇ ਭਾਰਤ ਦੇ ਪੇਂਡੂ ਖੇਤਰਾਂ ਅੰਦਰ ਆਰਥਿਕ ਮੰਦਵਾੜੇ ਕਾਰਨ ਹੋਈ ਗਰੀਬੀ, ਬੇਰੁਜ਼ਗਾਰੀ, ਕੰਗਾਲੀ ਨੇ ਭੁੱਖੇ ਤੇ ਲਾਚਾਰ ਲੋਕਾਂ ਦੀ ਬਹੁਤ ਧੁੰਧਲੀ ਤਸਵੀਰ ਹਰ ਪਾਸੇ ਦਿਸ ਰਹੀ ਸੀ। ਇਨ੍ਹਾਂ ਗੰਭੀਰ ਹਾਲਾਤਾਂ ਨੂੰ ਦੇਖਦੇ ਹੋਏ ਦੇਸ਼ ਦੀ ਕੌਮੀ ਲਹਿਰ ਅੰਦਰ ਕੰਮ ਕਰਦੇ ਖੱਬੇ ਪੱਖੀ ਲੋਕਾਂ ਨੇ ਇਕ ਬੀੜਾ ਉਠਾਇਆ ਕਿ ਦੇਸ਼ ਅੰਦਰ ਲੱਖਾਂ ਲੋਕਾਂ ਦੀ ਮਦਤ ਤੇ ਸਹਾਇਤਾ ਲਈ ਅੱਗੇ ਆਇਆ ਜਾਵੇ। ਇਹ ਉਹ ਸਮਾਂ ਸੀ ਜਦੋਂ ਦੇਸ਼ ਅੰਦਰ ਸਿਵਲ ਨਾ-ਫੁਰਮਾਨੀ ਲਹਿਰ ਦੀ ਅਗਵਾਈ (1930-34) ਕੌਮੀ ਕਾਂਗਰਸ ਕਰ ਰਹੀ ਸੀ, ਜਿਸ ਪ੍ਰਤੀ ਲੋਕਾਂ ਦਾ ਵਿਸ਼ਵਾਸ਼ ਨਹੀਂ ਰਿਹਾ ਸੀ ? ਇਹ ਗੰਭੀਰ ਸੰਕਟ ਸਮੇਂ ਖੱਬੇ ਪੱਖੀ ਸੋਚ ਨੇ ਕੇਵਲ ਫੌਰੀ ਤੌਰ 'ਤੇ ਜਨਤਾ ਦੀ ਮਦਤ ਕਰਨਾ ਹੀ ਨਹੀਂ ਸੀ, ਸਗੋਂ ਅਜਿਹੇ ਸਮੇਂ ਦੇਸ਼ ਅੰਦਰ ਜ਼ਰਈ ਸੁਧਾਰਾਂ ਲਈ ਤਿਖੇ ਕਦਮ ਪੁਟੇ ਜਾਣ ਸਬੰਧੀ ਵਿਚਾਰਾਂ ਨੂੰ ਅੱਗੇ ਲਿਆਂਦਾ। ਕਿਸਾਨਾਂ ਦਾ ਇਕ ਕੌਮੀ ਸੰਗਠਨ ਬਣਾਉਣ ਦਾ ਸਵਾਲ ਵੀ ਸਾਹਮਣੇ ਆਇਆ ਅਤੇ ਉਸ ਦੀ ਪੂਰਤੀ ਲਈ ਉਸਾਰੂ ਉਪਰਾਲੇ ਸਾਹਮਣੇ ਆਏ।

ਕਾਂਗਰਸ ਸੋਸਾਲਿਸਟ ਪਾਰਟੀ ਦੀ ਕੌਮੀ ਕਾਨਫਰੰਸ ਜਨਵਰੀ, 1936 ਨੂੰ ਮੇਰਠ ਵਿਖੇ ਕੀਤੀ ਗਈ। ਇਸ ਕਾਨਫਰੰਸ ਵਿੱਚ ਇਕ-ਸੁਰਤਾ ਰੱਖਣ ਵਾਲੇ ਖੱਬੇ ਪੱਖੀ ਰਾਜਸੀ ਵਰਕਰਾਂ ਸਮੇਤ ਕਾਂਗਰਸ ਸੋਸ-ਇਲਿਸਟ ਪਾਰਟੀ ਦੇ ਉਘੇ ਆਗੂਆਂ ਨੇ 15-ਜਨਵਰੀ, 1936 ਨੂੰ ਕਿਸਾਨੀ ਅਤੇ ਮਾਰੂ ਮੰਦੇ ਕਾਰਨ ਪੈਦਾ ਹੋਈ ਉਨ੍ਹਾਂ ਦੀ ਦਰਦਨਾਕ ਹਾਲਤ ਦੇ ਸਵਾਲ ਸਬੰਧੀ ਗੰਭੀਰਤਾ ਨਾਲ ਵਿਚਾਰ ਕੀਤੀ। ਮੀਟਿੰਗ ਦੌਰਾਨ ਇਹ ਫੈਸਲਾ ਕੀਤਾ ਗਿਆ ਕਿ ''ਕੁਲ ਹਿੰਦ ਕਿਸਾਨ ਕਾਂਗਰਸ'' ਸੱਦੀ ਜਾਵੇ ਜਿਸ ਨੂੰ ਜੱਥੇਬੰਦ ਕਰਨ ਲਈ ਐਨ. ਜੀ. ਰੰਗਾ ਜੋਆਇੰਟ ਕਨਵੀਨਰ ਅਤੇ ਜੈ-ਪ੍ਰਕਾਸ਼ ਨਰਾਇਣ ਕਨਵੀਨਰ ਦੀ ਚੋਣ ਕੀਤੀ ਗਈ। ਇਸ ਫੈਸਲੇ ਦਾ ਬੜੇ ਸ਼ੋਰਾਂ ਨਾਲ ਹਰ ਪਾਸੇ ਬਹੁਤ ਸਵਾਗਤ ਕੀਤਾ ਗਿਆ। ਇਹ ਵੀ ਫੈਸਲਾ ਹੋਇਆ ਕਿ ਦੇਸ਼ ਦੀਆਂ ਕਿਸਾਨ ਜੱਥੇਬੰਦੀਆਂ ਦੇ ਵੱਖ ਵੱਖ ਰਾਜਾਂ ਦੇ ਨੁਮਾਇੰਦੇ 11-ਅਪ੍ਰੈਲ 1936 ਨੂੰ ਲੱਖਨਊ ਵਿਖੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਸੈਸ਼ਨ ਦੌਰਾਨ ਚੋਣ ਕਰਨਗੇ। ਕਾਨਫਰੰਸ ਵਿੱਚ ਸ਼ਾਮਲ ਹੋਣ ਵਾਲੇ ਡੈਲੀਗੇਟ ਪਹਿਲਾ ਹੀ ਕਿਸਾਨਾਂ ਦੀਆਂ ਜੱਥੇਬਦੀਆਂ ਨਾਲ ਜੁੜੇ ਹੋਏ ਸਨ। ਉਨ੍ਹਾਂ ਨੇ ਕਿਸਾਨਾਂ ਦੀਆਂ ਜੱਥੇਬੰਦੀਆਂ ਬਣਾ ਕੇ ਉਨ੍ਹਾਂ ਅੰਦਰ ਆਜਾਦਰਾਨਾ ਢੰਗ ਨਾਲ ਕੰਮ ਕਰਨਾ ਸ਼ੁਰੂ ਕੀਤਾ ਹੋਇਆ ਸੀ। ਜਦ ਕਿ ਕਿਸਾਨ ਰਾਜਾਂ ਤੇ ਜ਼ਿਲ੍ਹਿਆ ਅੰਦਰ ਖਿਲਰੇ-ਪੁਲਰੇ ਹੁੰਦੇ ਸਨ। ਇਸ ਤਰ੍ਹਾਂ ਦੇਸ਼ ਅੰਦਰ 11-ਅਪ੍ਰੈਲ, 1936 ਨੂੰ ਲੱਖਨਊ ਵਿਖੇ ਬਕਾਇਦਾ ਦੇਸ਼ ਭਰ ਦੇ ਕਿਸਾਨਾਂ ਦੇ ਡੈਲੀਗੇਟ ਜਿਹੜੇ ਵੱਖ ਵੱਖ ਰਾਜਾਂ 'ਚ ਆਏ ਸਨ ਨੇ ਪਹਿਲੀ ਕੁਲ ਹਿੰਦ ਕਿਸਾਨ ਕਾਨਫਰੰਸ ਕਰਕੇ ਪਹਿਲੀ ਕਿਸਾਨਾਂ ਦੀ ਕੁਲ ਹਿੰਦ ਕਿਸਾਨ ਸਭਾ (ਸੰਘ) ਦੀ ਚੋਣ ਕੀਤੀ।

ਕੁਲ ਹਿੰਦ ਕਿਸਾਨ ਸਭਾ ਦੀ ਚੋਣ ਵੇਲੇ ਕਾਨਫ੍ਰੰਨ ਦੌਰਾਨ ਸ਼ਾਮਲ ਸਨ, ਹੋਰਨਾਂ ਤੋਂ ਇਲਾਵਾ (11-ਅਪ੍ਰੈਲ, 1936 ਲੱਖਨਊ) ਹੇਠ ਲਿਖੇ ਆਗੂ:

ਸਵਾਮੀ ਸਹਜਾਨੰਦ ਸਰਸਵਤੀ (ਬਿਹਾਰ), ਐਨ.ਜੀ. ਰੰਗਾ (ਆਂਧਰਾ), ਇੰਦੂ ਲਾਲ ਯੱਗਨੀਕ (ਗੁਜਰਾਤ), ਮੋਹਨ ਲਾਲ ਗੌਤਮ (ਯੂ.ਪੀ.), ਕੇ.ਐਮ. ਅਸ਼ਰਫ਼ (ਯੂ.ਪੀ.), ਸੋਹਣ ਸਿੰਘ ਜੋਸ਼ ਅਤੇ ਅਹਿਮਦ ਦੀਨ (ਪੰਜਾਬ), ਕਮਲ ਸਰਕਾਰ ਅਤੇ ਸੁਧੀਨ ਪ੍ਰਾਮਾਨਿਕ (ਬੰਗਾਲ), ਜੈ-ਪ੍ਰਕਾਸ਼ ਨਰਾਇਣ ਅਤੇ ਆਰ.ਐਮ. ਲੋਹੀਆ (ਕਾਂਗਰਸ.ਸੋਸ਼ਲਿਸਟ. ਪਾਰਟੀ)।

ਕੌਮੀ ਕਾਂਗਰਸ ਦੀ ਕਾਨਫਰੰਸ ਜਿਸ ਦੀ ਪ੍ਰਧਾਨਗੀ ਜਵਾਹਰ ਲਾਲ ਨਹਿਰੂ ਕਰ ਰਹੇ ਸਨ, ਨੇ ਜਾਤੀ ਤੌਰ ਤੇ ਕਿਸਾਨ ਕਾਨਫਰੰਸ ਹੋਣ ਤੇ ਖੁਸ਼ੀ ਪ੍ਰਗਟ ਕਰਦੇ ਹੋਏ ਕਿਸਾਨ ਕਾਂਗਰਸ ਨੂੰ ਵਧਾਈ ਦਿੱਤੀ ਤੇ ਇਕਮੁਠਤਾ ਜਿਤਾਈ। ਇਹ ਵੀ ਕਿਹਾ ਕਿ ਦੇਸ਼ ਅੰਦਰ ਕਿਸਾਨ ਹੀ ਸਭ ਤੋਂ ਵੱਧ ਸ਼ੋਸ਼ਤ ਲੋਕ ਹਨ।

ਮੋਹਨ ਲਾਲ ਗੌਤਮ ਨੇ ਸਵਾਗਤੀ ਕਮੇਟੀ ਵੱਲੋਂ ਆਏ ਡੈਲੀਗੇਟਾਂ ਨੂੰ ਜੀ-ਆਇਆ ਕਿਹਾ। ਸਵਾਮੀ ਸਹਜਾਨੰਦ ਨੇ ਪ੍ਰਧਾਨਗੀ ਭਾਸ਼ਣ ਅੰਦਰ ਜ਼ਰਈ ਸਮੱਸਿਆਵਾਂ, ਕਿਸਾਨਾਂ ਦਾ ਸ਼ੋਸ਼ਣ ਅਤੇ ਜਿਮੀਦਾਰੀ ਸਿਸਟਮ ਦੇ ਖਾਤਮੇ ਵਾਰੇ ਕਿਹਾ। ਇਸ ਤੋਂ ਬਿਨ੍ਹਾਂ ਲੋਹੀਆ, ਸੋਹਣ ਸਿੰਘ ਜ਼ੋਸ਼ ਅਤੇ ਹੋਰ ਡੈਲੀਗੇਟਾਂ ਨੇ ਸਾਮਰਾਜ ਤੋਂ ਮੁਕਤੀ ਦੀ ਮੰਗ ਕੀਤੀ। ਇਸ ਕਿਸਾਨ ਕਾਨਫਰੰਸ ਨੇ ਬਹੁਤ ਸਾਰੇ ਮੱਤੇ ਵੀ ਪਾਸ ਕੀਤੇ।

ਅੱਜ ਵੀ 85-ਸਾਲਾਂ ਬਾਅਦ ਕੁਲ ਹਿੰਦ ਕਿਸਾਨ ਸਭਾ, 'ਕਿਸਾਨੀ ਬਾਰੇ ਸਮਝਦੀ ਹੈ, 'ਕਿ ਭਾਰਤ ਦੇ ਲੋਕਾਂ ਸਾਹਮਣੇ ਸਭ ਤੋਂ ਮੋਹਰੀ ਰਾਸ਼ਟਰੀ ਸਵਾਲ ਕਿਸਾਨੀ ਬਣਿਆ ਹੋਇਆ ਹੈ ? ਜ਼ਰਈ ਖੇਤਰ ਅੰਦਰ ਇਸ ਵਾਸਤੇ ਲੋੜ ਹੈ, 'ਇਕ ਇਨਕਲਾਬੀ ਤਬਦੀਲੀ ਦੀ ! ਜਿਸ ਵਿੱਚ ਤਿਖੇ ਅਤੇ ਇਕ ਸਿਰੇ ਤੋਂ ਜ਼ਰਈ ਸੁਧਾਰ ਸ਼ਾਮਲ ਹਨ ।ਜਿਨ੍ਹਾਂ ਦਾ ਨਿਸ਼ਾਨਾਂ ਜ਼ਿੰਮੀਦਾਰੀ, ਸੂਦਖੋਰੀ, ਸ਼ਾਹਾਂ ਵੱਲੋਂ ਸ਼ੋਸ਼ਣ ਅਤੇ ਪੇਂਡੂ ਖੇਤਰਾਂ ਵਿੱਚ ਜਾਤਪਾਤ ਅਤੇ ਜਿਨਸੀ ਦਮਨ ਹੈ। ਭਾਰਤ ਵਿੱਚ ਸਰਮਾਏਦਾਰ, ਜਾਗੀਰਦਾਰ ਪੱਖੀ ਫਿਰਕੂ ਹਕੂਮਤ ਦਾ ਦੀਵਾਲੀਆਪਣ ਵਧੇਰੇ ਪ੍ਰਤੱਖ ਹੈ ਜਦੋਂ ਕਿ ਉਸ ਨੂੰ ਹੱਲ ਤਾਂ ਕੀ ਇਸ ਦੇ ਕਿਸਾਨੀ ਸਬੰਧੀ ਸਵਾਲ ਨੂੰ ਅਗਾਂਹਵਧੂ ਅਤੇ ਜਮਹੂਰੀ ਢੰਗ ਨਾਲ ਮੁਖਾਤਬ ਹੋਣ ਦੀ ਨਾਕਾਮਯਾਬੀ ਵੀ ਘੱਟ ਨਹੀਂ ਹੈ। ਖੇਤੀ ਵਸਤਾਂ ਦਾ ਸਮਰੱਥਨ ਕੀਮਤ (ਘੱਟੋ ਘੱਟ ਹਮਾਇਤੀ ਕੀਮਤਾਂ) ਤੇ ਸਰਕਾਰੀ ਖਰੀਦ ਕਰਨ ਜਮੀਨ ਅਧਿਗ੍ਰਹਿਣ ਵਿਰੁਧ, ਕਰਜ਼ਾ ਤੇ ਕਰਜ਼ਾਂ ਮੁਆਫੀ, ਬੀਮਾ ਕਵਰ, ਜਮੀਨਾਂ ਦੀ ਕਾਰਪੋਰੇਟ ਖੇਤੀ ਤੇ ਨਿਜੀਕਰਨ ਆਦਿ ਦੀ ਮਨਾਹੀ, ਸਾਰੀਆਂ (23 ਫਸਲਾਂ) ਫਸਲਾਂ ਦੇ ਵਾਜਬ ਭਾਅ ਦੇਣੇ ਆਦਿ ਮੰਗਾਂ ਲਈ ਕਿਸਾਨ ਸਭਾ ਸੰਘਰਸ਼ਸ਼ੀਲ ਹੈ। ਖੇਤੀ ਸਬੰਧੀ ਤਿੰਨ ਕਾਲੇ ਕਨੂੰਨ 2020 ਦੀ ਵਾਪਸੀ, ਸਰਕਾਰੀ ਖਰੀਦ ਦੀ ਗ੍ਰੰਟੀ ਅਤੇ ਜਨਤਕ ਵੰਡ ਪ੍ਰਣਾਲੀ ਲਈ ਕਨੂੰਨੀ ਵਿਵੱਸਥਾ ਕਰਾਉਣ ਲਈ ਸੰਘਰਸ਼।

ਕੁਲ ਹਿੰਦ ਕਿਸਾਨ ਸਭਾ ਅੱਜ ਵੀ ਆਪਣੇ ਪੁਰਾਣੇ ਵਿਰਸੇ ਸਾਮਰਾਜ ਵਿਰੁਧ, ਕਿਰਤੀ ਲੋਕਾਂ ਦੀ ਰਾਖੀ, ਧਰਮ ਨਿਰਪੱਖਤਾ, ਸੰਘਵਾਦ, ਜਮਹੂਰੀਅਤ ਦੀ ਰਾਖੀ, ਸੰਸਾਰ ਅਮਨ, ਜਲਵਾਯੂ ਦੀ ਰਾਖੀ ਲਈ ਕੌਮਾਂਤਰੀ ਵਿਵੱਸਥਾ ਬਣਾਉਣ ਲਈ ਯਤਨਸ਼ੀਲ ਹੈ। ਫ਼ਿਰਕਾਪ੍ਰਸਤੀ, ਨਵਉਦਾਰੀਵਾਦ ਤੇ ਨਿਜੀਕਰਨ ਅਤੇ ਪਿਛਾਖੜੀ ਵਿਚਾਰ ਧਾਰਾਵਾਂ ਵਿਰੁਧ ਵਿਚਾਰਧਾਰਕ ਸੰਘਰਸ਼ ਲਾਮਬੰਦ ਕਰਨ ਲਈ ਬਚਨਬੱਧਤਾ ਦੁਹਰਾਉਂਦੀ ਹੈ।



# ਪੰਜਾਬ ਪੁਲਸ ਵਿਚਲੇ ਸਜ਼ਾਯਾਫਤਾ ਪੁਲਸ ਅਫਸਰਾਂ ’ਤੇ ਐਕਸ਼ਨ ਦੀ ਤਲਵਾਰ ਲਟਕੀ

ਮੋਗਾ, 11 ਜਨਵਰੀ (ਪੋਸਟ ਬਿਊਰੋ)- ਇੱਥੋਂ ਬਰਖਾਸਤ ਹੋਏ ਇੱਕ ਹੌਲਦਾਰ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਦੇਕਾਰਨ ਪੁਲਸ ਵਿਭਾਗ ਵਿੱਚ ਤਰਥੱਲੀ ਮਚ ਗਈ ਹੈ। ਇਸ ਰਾਜ ਵਿੱਚ ਤੈਨਾਤ ਸਜ਼ਾਯਾਫਤਾ ਇੱਕ ਐਸ ਐਸ ਪੀ ਅਤੇ ਛੇ ਹੋਰ ਸੀਨੀਅਰ ਪੁਲਸ ਅਫਸਰਾਂ ਸਣੇ 103 ਮੁਲਾਜ਼ਮਾਂ ਤੇ ਹਜ਼ਾਰ ਤੋਂ ਵੱਧ ਦਾਗੀ ਮੁਲਾਜ਼ਮਾਂ’ਤੇ ਕਾਨੂੰਨੀ ਤਲਵਾਰ ਲਟਕ ਗਈ ਹੈ। ਬੀਤੇ ਸਾਲ 23 ਜੂਨ ਨੂੰ ਬਰਖਾਸਤ ਜ਼ਿਲ੍ਹਾ ਪੁਲਸ ਦੇਹੌਲਦਾਰ ਸੁਰਜੀਤ ਸਿੰਘ ਨੇ ਵਿਭਾਗ ਦੀ ਕਾਰਵਾਈ ’ਤੇ ਸਵਾਲੀਆ ਨਿਸ਼ਾਨ ਚੁੱਕਦੇ ਹੋਏ ਇਸ ਫੈਸਲੇ ਨੂੰ ਚੁਣੌਤੀ ਦਿੱਤੀ ਸੀ।

ਪਟੀਸ਼ਨਰ ਦੇ ਵਕੀਲ ਬਲਬੀਰ ਕੁਮਾਰ ਸੈਣੀ ਵੱਲੋਂ ਉਠਾਏ ਨੁਕਤਿਆਂ ’ਤੇ ਹਾਈ ਕੋਰਟ ਨੇ ਪੰਜਾਬ ਵਿੱਚ ਤੈਨਾਤ ਦਾਗੀ ਅਤੇ ਸਜ਼ਾਯਾਫਤਾ ਮੁਲਾਜ਼ਮਾਂ ਦੀ ਸਾਰੀ ਜਾਣਕਾਰੀ ਮੰਗੀ ਹੈ। ਪੰਜਾਬ ਦੇ ਗ੍ਰਹਿ ਤੇ ਨਿਆਂ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਅਨੁਰਾਗ ਅਗਰਵਾਲ ਵੱਲੋਂ




ਹਾਈ ਕੋਰਟ ਵਿੱਚ ਦਿੱਤੇ ਐਫੀਡੇਵਿਟ ਵਿੱਚ ਇੱਕ ਐਸ ਐਸ ਪੀ, ਦੋ ਐਸ ਪੀਜ਼, ਦੋ ਡੀ ਐਸ ਪੀਜ਼, ਦੋ ਇੰਸਪੈਕਟਰ, ਅੱਠ ਏ ਐਸ ਆਈਜ਼, 13 ਹੌਲਦਾਰ ਅਤੇ 75 ਸਿਪਾਹੀਆਂ ਦੇ ਸਜ਼ਾਯਾਫਤਾ ਹੋਣ ਤੋਂ ਬਾਅਦ ਸੇਵਾ ਵਿੱਚ ਹੋਣ ਦਾ ਜ਼ਿਕਰ ਕੀਤਾ ਗਿਆ ਹੈ। ਵਕੀਲ ਬਲਵੀਰ ਕੁਮਾਰ ਸੈਣੀ ਨੇ ਹਾਈ ਕੋਰਟ ਦੇ ਧਿਆਨ ਵਿੱਚ ਲਿਆਂਦਾ ਕਿ ਗ੍ਰਹਿ ਵਿਭਾਗ ਨੇ ਛੋਟੇ 822 ਦਾਗੀ ਪੁਲਸ ਮੁਲਾਜ਼ਮਾਂ ਦਾ ਵੇਰਵਾ ਦਿੱਤਾ ਹੈ, ਜਦੋਂ ਕਿ ਉਚ ਅਹੁਦਿਆਂ ’ਤੇ ਤੈਨਾਤ ਪੀ ਪੀ ਐਸ ਅਤੇ ਆਈ ਪੀ ਐਸ ਅਫਸਰਾਂ ਬਾਰੇ ਜਾਣਕਾਰੀ ਨਹੀਂ ਦਿੱਤੀ। ਹਾਈ ਕੋਰਟ ਦੇ ਹੁਕਮਾਂ ’ਤੇ ਰਾਜ ਦੇ ਗ੍ਰਹਿ ਤੇ ਨਿਆਂ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਅਨੁਰਾਗ ਅਗਰਵਾਲ ਵੱਲੋਂ ਐਫੀਡੇਵਿਟਵਿੱਚ ਸਜ਼ਾਯਾਫਤਾ ਸੀਨੀਅਰ ਪੁਲਸ ਅਫਸਰਾਂ ਸਮੇਤ 103 ਪੁਲਸ ਮੁਲਾਜ਼ਮਾਂ ਦੇ ਤੈਨਾਤੀ ਸਥਾਨ ਆਦਿ ਦੇ ਵੇਰਵੇ ਦਿੱਤੇ ਗਏ ਹਨ।

ਬਰਖਾਸਤ ਕੀਤੇ ਗਏ ਏ ਐਸ ਆਈ ਬਲਜੀਤ ਸਿੰਘ ਅਤੇ ਉਸ ਦੀ ਮਹਿਲਾ ਮਿੱਤਰ ਅਤੇ ਹੋਰਾਂ ਖਿਲਾਫ (ਵਿਸ਼ੇਸ਼ ਜਾਂਚ ਟੀਮ) ਐਸ ਟੀ ਐਫ ਦੀ ਜਾਂਚ ਪਿਛੋਂ ਸਿਟੀ ਥਾਣੇ ਵਿੱਚ 31 ਦਸੰਬਰ ਨੂੰ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਨੌਕਰੀ ਤੋਂ ਵੀ ਬਰਖਾਸਤ ਕਰ ਦਿੱਤਾ ਹੈ। ਬਰਖਾਸਤ ਏ ਐਸ ਆਈ ਸੂਬੇ ਵਿੱਚ ਕਰੀਬ ਚਾਰ ਵਰ੍ਹੇ ਪਹਿਲਾਂ ਹਿੰਦੂ ਨੇਤਾਵਾਂ ਦੇ ਮਿੱਥ ਕੇ ਕੀਤੇ ਕਤਲਾਂ ਦੇ ਸੁਰਾਗ ’ਚ ਭੂਮਿਕਾ ਤੋਂ ਬਾਅਦ ਆਨਰੇਰੀ ਤਰੱਕੀ ਮਿਲਣ ਉਤੇ ਕੌਮਾਂਤਰੀ ਸਰਹੱਦ ’ਤੇ ਨਸ਼ੇ ਦੀ ਬਰਾਮਦੀ ’ਚ ਅਹਿਮ ਭੂਮਿਕਾ ਹੋਣ ਕਾਰਨਉਹਆਪਣੇ ਖਿਲਾਫ ਕਾਰਵਾਈ ਨੂੰ ਰੋਕਣ ਦਾ ਭਰਮ ਪਾਲ ਬੈਠਾ ਸੀ। ਇਹ ਕੇਸ ਹਾਈ ਕੋਰਟ ਵਿੱਚ ਸੁਣਵਾਈ ਅਧੀਨ ਹੈ।

# ਪੰਜਾਬ ਵਿੱਚ ਬਰਡ ਫਲੂ ਬਾਰੇ ਸਾਰੀਆਂ ਟੈਸਟ ਰਿਪੋਰਟਾਂ ਨੈਗੇਟਿਵ

ਚੰਡੀਗੜ੍ਹ, 11 ਜਨਵਰੀ (ਪੋਸਟ ਬਿਊਰੋ)- ਪੰਜਾਬ ਅਤੇ ਇਸ ਦੇ ਨੇੜੇ-ਤੇੜੇ ਦੇ ਰਾਜਾਂ ਸਮੇਤ ਭਾਰਤ ਦੇ ਸੱਤ ਰਾਜਾਂ ’ਚ ਕੇਂਦਰ ਸਰਕਾਰ ਨੇ ਬਰਡ ਫਲੂ ਬਾਰੇ ਪੁਸ਼ਟੀ ਕਰ ਦਿੱਤੀ ਹੈ, ਜਿਸ ਦੌਰਾਨ ਪੰਜਾਬ ਵਾਸੀਆਂ ਲਈ ਵੱਡੀ ਰਾਹਤ ਦੀ ਖ਼ਬਰ ਆਈ ਹੈ ਕਿ ਇਸ ਰਾਜ ਦੀਆਂ ਸਾਰੀਆਂ ਟੈੱਸਟ ਰਿਪੋਰਟਾਂ ਨੈਗੇਟਿਵ ਆਈਆਂ ਹਨ।

ਸਰਕਾਰ ਦੇ ਸੂਤਰਾਂ ਮੁਤਾਬਕ ਇਸ ਬਿਮਾਰੀ ਬਾਰੇ ਪੰਜਾਬ ’ਚ ਕੱਲ੍ਹ ਤੱਕ ਲਏ ਗਏ ਸਾਰੇ ਬਰਡ ਫਲੂ ਦੇ ਸੈਂਪਲਾਂ ਦੀ ਟੈਸਟ ਰਿਪੋਰਟ ਆ ਗਈ ਹੈ ਤੇ ਸਾਰੇ ਟੈਸਟ ਨੈਗੇਟਿਵ ਨਿਕਲੇ ਹਨ। ਇਸ ਦਾ ਭਾਵ ਹੈ ਕਿ ਪੰਜਾਬ ’ਚ ਜੋ ਵੀ ਪੰਛੀ ਪਿਛਲੇ ਦਿਨੀਂ ਮਰੇ ਤੇ ਜਿਨ੍ਹਾਂ ਦੇ ਮਰਨ ਤੋਂ ਬਾਅਦ ਬਰਡ ਫਲੂ ਦੀ ਸੰਭਾਵਨਾ ਤੋਂ ਦਹਿਸ਼ਤ ਦਾ ਮਾਹੌਲ ਸੀ, ਉਨ੍ਹਾਂ ਦੀ ਮੌਤ ਬਰਡ ਫਲੂ



ਕਾਰਨ ਨਹੀਂ ਹੋਈ। ਜਲੰਧਰ ਵਿਚਲੇ ਨਾਰਥ ਰੀਜਨਲ ਡਿਸੀਜ਼ਿਸ਼ ਡਾਇਗਨੋਸਟਿਕ ਲੈਬ (ਐਨ ਆਰ ਡੀ ਡੀ ਐਲ) ਦੇ ਜੁਆਇੰਟ ਡਾਇਰੈਕਟਰ ਡਾ. ਐਮ ਪੀ ਸਿੰਘ ਨੇ ਇਸ ਦੀ ਪੁਸ਼ਟੀ ਕੀਤੀ ਤੇ ਸਾਫ ਕਿਹਾ ਕਿ ਪੰਜਾਬ ’ਚ ਬਰਡ ਫਲੂ ਦਾ ਕੋਈ ਕੇਸ ਨਹੀਂ ਹੈ। ਵਰਨਣ ਯੋਗ ਹੈ ਕਿ ਪੰਜਾਬ ਦੇ ਮੁਕੇਰੀਆਂ, ਤਪਾ ਮੰਡੀ ਆਦਿ ਅੱਧਾ ਦਰਜਨ ਸਥਾਨਾਂ ਤੋਂ ਪੰਛੀਆਂ ਦੀ ਮੌਤ ਦੀਆਂ ਖ਼ਬਰਾਂ ਤੋਂ ਬਾਅਦ ਸ਼ੱਕ ਪੈਦਾ ਹੋ ਰਿਹਾ ਸੀ ਕਿ ਪੰਜਾਬ 'ਚ ਬਰਡ ਫਲੂ ਹੋ ਸਕਦਾ ਹੈ।ਪੰਜਾਬ ਦੀ ਜਲੰਧਰ ਵਾਲੀ ਲੈਬ ’ਚ ਅੱਜ ਤੱਕ ਇੱਕ ਹਜ਼ਾਰ ਤੋਂ ਵੱਧ ਬਰਡ ਫਲੂ ਦੇ ਟੈਸਟ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ 156 ਟੈਸਟ ਮਰੇ ਪੰਛੀਆਂ ਦੀਆਂ ਸਨ। ਇਹ ਟੈਸਟ ਪੰਜਾਬ ਦੇ ਨਾਲ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਹਰਿਆਣਾ ਆਦਿ ਸੂਬਿਆਂ ਤੋਂ ਵੀ ਸਨ। ਇਹ ਪੰਜਾਬ ਦੀ ਪੋਲਟਰੀ ਇੰਡਸਟਰੀ ਲਈ ਵੀ ਵੱਡੀ ਰਾਹਤ ਦੀ ਖ਼ਬਰ ਹੈ। ਬਰਡ ਫਲੂ ਦੀਆਂ ਅਫਵਾਹਾਂ ’ਚ ਆਂਡਾ ਤੇ ਚਿਕਨ ਮਾਰਕੀਟ ਨੂੰ ਕੁਝ ਦਿਨਾਂ ਤੋਂ ਜੋ ਝਟਕਾ ਲੱਗ ਰਿਹਾ ਸੀ, ਉਹ ਰੁਕ ਜਾਏਗਾ।

# ਪੰਜਾਬ ਵਿੱਚ ਬਿਜਲੀ ਚੋਰੀ ਨੂੰ ਰੋਕਣ ਲਈ ਪਾਵਰਕਾਮ ਵੱਲੋਂ ਸਮਾਰਟ ਮੀਟਰ ਲਾਉਣੇ ਸ਼ੁਰੂ

ਪਟਿਆਲਾ, 11 ਜਨਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਪਾਵਰਕਾਮ ਦੇ ਸਮਾਰਟ ਮੀਟਰ ਪ੍ਰੋਜੈਕਟ ਦੇ ਨਾਲ ਬਿਜਲੀ ਖਪਤਕਾਰਾਂ ਉੱਤੇ ਹੋਰ ਵਿੱਤੀ ਬੋਝ ਪਾਉਣ ਦੀ ਸ਼ੁਰੂਆਤ ਸਮਝੀ ਜਾ ਰਹੀ ਹੈ। ਪਾਵਰਕਾਮ ਵੱਲੋਂ 8 ਜਨਵਰੀ ਨੂੰ ਮੋਹਾਲੀ ਵਿਖੇ ਪਹਿਲੇ ਸਮਾਰਟ ਮੀਟਰ ਲਾ ਕੇ ਕੀਤੀ ਸ਼ੁਰੂਆਤ ਇਸ ਲੜੀ ਦਾ ਹਿੱਸਾ ਹੈ। ਭਾਵੇਂ ਪਾਵਰਕਾਮ ਦੇ ਕਹੇ ਮੁਤਾਬਕ ਪਾਵਰਕਾਮ ਵੱਲੋਂ ਬਿਜਲੀ ਚੋਰਾਂ ਨੂੰ ਫੜਨ ਲਈ ਅਤੇ ਮੀਟਰ ਰੀਡਿੰਗ ਵਿੱਚ ਖਪਤਕਾਰਾਂ ਨੂੰ ਆਉਂਦੀਆਂ ਸਮੱਸਿਆਵਾਂ ਦਾ ਹੱਲ ਕੱਢਣ ਲਈ ਸਮਾਰਟ ਮੀਟਰ ਸ਼ੁਰੂ ਕਰਨ ਦੀ ਗੱਲ ਆਖੀ ਗਈ ਹੈ ਪਰ ਇਸ ਦਾ ਲਾਭ ਖਪਤਕਾਰਾਂ ਦੇ ਹਿੱਸੇ ਪੈਂਦਾ ਨਹੀਂ ਦਿਸਦਾ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪਿੱਛੇ ਜਿਹੇ ਇਸ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੀਟਰ ਦੀ ਕੀਮਤ ਸੱਤ ਹਜ਼ਾਰ ਰੁਪਏ ਦੇ ਕਰੀਬ ਦੱਸੀ ਜਾਂਦੀ ਹੈ ਤੇ ਬਿਜਲੀ ਖਪਤਕਾਰਾਂ ਨੂੰ ਇਨ੍ਹਾਂ ਸਮਾਰਟ ਮੀਟਰਾਂ ਨੂੰ ਲਾਉਣ



ਦੀ ਕੀਮਤ ਪੱਲਿਓਂ ਦੇਣੀ ਪਵੇਗੀ, ਪਰ ਜੇ ਇਹ ਮੀਟਰ ਪੰਜ ਸਾਲ ਦੇ ਵਕਫੇ ਦੌਰਾਨ ਸੜ ਜਾਂ ਖ਼ਰਾਬ ਹੋ ਜਾਂਦਾ ਹੈ ਤਾਂ ਇਹ ਮੀਟਰ ਵਿਭਾਗ ਵੱਲੋਂ ਬਿਨਾਂ ਕੋਈ ਪੈਸੇ ਲਏ ਲਾਇਆ ਜਾਵੇਗਾ। ਪਤਾ ਲੱਗਾ ਹੈ ਕਿ ਪਾਵਰਕਾਮ ਵੱਲੋਂ ਇਸ ਪ੍ਰੋਜੈਕਟ ਤਹਿਤ ਪੰਜਾਬ ’ਚ 96 ਹਜ਼ਾਰ ਦੇ ਲੱਗਭਗ ਸਮਾਰਟ ਮੀਟਰ ਜਨਵਰੀ 2021 ਤੋਂ ਦਸੰਬਰ 2021 ਦੇ ਸਮੇਂ ਅੰਦਰ ਲਾਏ ਜਾਣਗੇ। ਤਿੰਨ ਪੜਾਵਾਂ ’ਚ ਚੱਲਣ ਵਾਲੇ ਇਸ ਪ੍ਰੋਜੈਕਟ ਨੂੰ 75.64 ਕਰੋੜ ਦੀ ਲਾਗਤ ਨਾਲ ਪੂਰਾ ਕੀਤਾ ਜਾਵੇਗਾ। ਭਰੋਸੇ ਯੋਗ ਸੂਤਰਾਂ ਮੁਤਾਬਕ ਇਹ ਸਮਾਰਟ ਮੀਟਰ ਗੁੜਗਾਉਂ ਦੀ ਨਿੱਜੀ ਐਚ ਪੀ ਐਲ ਕੰਪਨੀ ਵੱਲੋਂ ਤਿਆਰ ਕੀਤੇ ਗਏ ਹਨ ਤੇ ਇਹ ਸਮਾਰਟ ਮੀਟਰ ਸਕੀਮ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਚਲਾਈ ਜਾ ਰਹੀ ਹੈ।

# ਆਯੂਸ਼ਮਾਨ ਯੋਜਨਾ ਵਿੱਚ ਫਰਜ਼ੀਵਾੜਾ ਕਰ ਰਹੇ ਡਾਕਟਰਾਂ ਦੀ ਮਾਨਤਾ ਰੱਦ

ਅੰਮ੍ਰਿਤਸਰ, 11 ਜਨਵਰੀ (ਪੋਸਟ ਬਿਊਰੋ)- ਈ ਸੀ ਐਚ ਐਸ ਘੁਟਾਲੇ ਮਗਰੋਂ ਆਯੁਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਵਿੱਚ ਵੱਡਾ ਘੁਟਾਲਾ ਨਿਕਲਿਆ ਹੈ। ਇਸ ਯੋਜਨਾ ਨਾਲ ਜੋੜੇ ਗਏ ਕੁਝ ਨਿੱਜੀ ਹਸਪਤਾਲ, ਫਰਜ਼ੀ ਮਰੀਜ਼ ਵਿਖਾ ਕੇ ਸਰਕਾਰੀ ਰਕਮ ਨੂੰ ਚੂਨਾ ਲਾ ਰਹੇ ਸਨ। ਸਿਹਤ ਵਿਭਾਗ ਨੇ ਚਾਰ ਹਸਪਤਾਲਾਂ ਨੂੰ ਆਯੁਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਤੋਂ ਪਾਸੇ ਕਰ ਦਿੱਤਾ ਹੈ। ਇਹ ਘੁਟਾਲਾ ਈ ਸੀ ਐਸ ਐਚ ਘੁਟਾਲੇ ਵਰਗਾ ਹੀ ਹੈ। ਪਤਾ ਲੱਗਾ ਹੈ ਕਿ ਆਯੁਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਨਾਲ ਜੋੜੇ ਗਏ ਨਿੱਜੀ ਹਸਪਤਾਲਾਂ ਵਿੱਚ ਮੀਰਾਂਕੋਟ (ਅੰਮ੍ਰਿਤਸਰ) ਦਾ ਵਰਮਾ ਹਸਪਤਾਲ, ਛੇਹਰਟਾ ਗੁਰੂ ਕੀ ਵਡਾਲੀ ਦਾ ਮਨੂੰ ਅਰੋੜਾ ਹਸਪਤਾਲ, ਸੰਧੂ ਲਾਈਫ ਕੇਅਰ ਅਤੇ ਨਿਊ ਲਾਈਫ ਹਸਪਤਾਲ ਸ਼ਾਮਲ ਹਨ। ਸਿਹਤ ਵਿਭਾਗ



ਲਗਾਤਾਰ ਇਨ੍ਹਾਂ ਹਸਪਾਤਲਾਂ ਦੇ ਕੰਮ ’ਤੇ ਨਜ਼ਰ ਰੱਖ ਰਿਹਾ ਸੀ ਅਤੇ ਵਿਭਾਗੀ ਟੀਮਾਂ ਸਮੇਂ ਇਨ੍ਹਾਂ ਦਾ ਜਾਇਜ਼ਾ ਲੈ ਰਹੀਆਂ ਸਨ। ਇਨ੍ਹਾਂ ਵਿੱਚੋਂ ਵਰਮਾ ਹਸਪਤਾਲ ਵਿੱਚ ਮਰੀਜ਼ ਨਹੀਂ ਸੀ, ਪਰ ਇਲਾਜ ਚੱਲ ਰਿਹਾ ਸੀ। ਇਵੇਂ ਹੀ ਮਨੂੰ ਅਰੋੜਾ ਹਸਪਤਾਲ ਦੇ ਮਾਲਕ ਨੇ ਪਤਨੀ ਦਾ ਫਰਜ਼ੀ ਕਾਰਡ ਬਣਾ ਕੇ ਉਸ ਨੂੰ ਦਾਖਲ ਕੀਤਾ ਹੋਇਆ ਸੀ, ਜਦ ਕਿ ਉਸ ਦੀ ਪਤਨੀ ਬਿਮਾਰ ਨਹੀਂ ਸੀ। ਜਦੋਂ ਟੀਮ ਜਾਂਚ ਕਰਨ ਲਈ ਪੁੱਜੀ ਤਾਂ ਰਿਕਾਰਡ ਵਿੱਚ ਪੂਨਮ ਅਰੋੜਾ ਦਾ ਨਾਂਅ ਵੇਖ ਕੇ ਪੁੱਛਿਆ ਕਿ ਮਰੀਜ਼ ਕਿਹੜੀ ਹੈ। ਇਸ ਦੌਰਾਨ ਦੱਸਿਆ ਗਿਆ ਕਿ ਮਰੀਜ਼ ਨੂੰ ਐਮ ਆਰ ਆਈ ਕਰਾਉਣ ਭੇਜਿਆ ਹੈ। ਜਦੋਂ ਟੀਮ ਨੇ ਡੂੰਘਾਈ ਨਾਲ ਜਾਂਚ ਕੀਤੀ ਤਾਂ ਸਪੱਸ਼ਟ ਹੋਇਆ ਕਿ ਪੂਨਮ ਹਸਪਤਾਲ ਦੇ ਸੰਚਾਲਕ ਡਾਕਟਰ ਮਨੂੰ ਦੀ ਪਤਨੀ ਹੈ। ਨਿਊ ਲਾਈਫ ਹਸਪਤਾਲ ਵਿੱਚ ਸਰਜਨ ਨਹੀਂ ਸੀ, ਇਸ ਦੇ ਬਾਵਜੂਦ ਰਿਕਾਰਡ ਵਿੱਚ ਮਰੀਜ਼ ਦਾ ਆਪਰੇਸ਼ਨ ਵਿਖਾਇਆ ਗਿਆ ਸੀ। ਜਦੋਂ ਸਰਜਨ ਹੀ ਨਹੀਂ ਤਾਂ ਸਰਜਰੀ ਕਿਸ ਨੇ ਕਰ ਦਿੱਤੀ? ਇਵੇਂ ਹੀ ਸੰਧੂ ਲਾਈਫ ਕੇਅਰ ਹਸਪਤਾਲ ਵਿੱਚ ਮਰੇ ਹੋਏ ਮਰੀਜ਼ ਨੂੰ ਆਈ ਸੀ ਯੂ ਵਿੱਚ ਰੱਖ ਕੇ ਜੇਰੇ ਇਲਾਜ ਵਿਖਾਇਆ ਜਾ ਰਿਹਾ ਸੀ। ਡਿਪਟੀ ਮੈਡੀਕਲ ਡਾ: ਗੁਰਮੀਤ ਕੌਰ ਨੇ ਇਨ੍ਹਾਂ ਹਸਪਤਾਲਾਂ ਦੀ ਕਾਰਸਤਾਨੀ ਸਬੰਧੀ ਸਬੂਤ ਇਕੱਤਰ ਕਰ ਕੇ ਵੇਰਵਾ ਚੰਡੀਗੜ੍ਹ ਭੇਜਿਆ ਤੇ ਸਿਹਤ ਵਿਭਾਗ ਨੇ ਇਨ੍ਹਾਂ ਦੀ ਮਾਨਤਾ ਰੱਦ ਕਰ ਦਿੱਤੀ।

# ਕਿਸਾਨਾਂ ਨੇ ਬਾਲੀਵੁੱਡ ਫਿਲਮ ਦੀ ਸ਼ੂਟਿੰਗ ਵੀ ਜਾ ਕੇ ਰੁਕਵਾ ਦਿੱਤੀ

ਫਤਿਹਗੜ੍ਹ ਸਾਹਿਬ, 11 ਜਨਵਰੀ (ਪੋਸਟ ਬਿਊਰੋ)- ਇਸ ਜ਼ਿਲੇ ਵਿੱਚ ਫਿਲਮ ਸਿਟੀ ਦੇ ਨਾਂਅ ਨਾਲ ਜਾਣੇ ਜਾਂਦੇ ਬੱਸੀ ਪਠਾਣਾਂ ਵਿੱਚ ਕੱਲ੍ਹ ਕਿਸਾਨਾਂ ਨੇ ਇੱਕ ਬਾਲੀਵੁੱਡ ਫਿਲਮ ਦੀ ਸ਼ੂਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਰੁਕਵਾ ਦਿੱਤੀ। ਇਸ ਫਿਲਮ ਵਿੱਚ ਅਦਾਕਾਰਾ ਜਾਹਨਵੀ ਕਪੂਰ ਮੁੱਖ ਭੂਮਿਕਾ ਨਿਭਾਉਣ ਜਾ ਰਹੀ ਹੈ।

ਇਥੋਂ ਦੀ ਅਗਰਵਾਲ ਧਰਮਸ਼ਾਲਾ ਵਿੱਚ ਸ਼ੂਟਿੰਗ ਰੁਕਵਾਉਣ ਆਏ ਕਿਸਾਨ ਮਜ਼ਦੂਰ ਏਕਤਾ ਮਹਾਸੰਘ ਰਿਊਣਾ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਅਤੇ ਹੋਰ ਆਗੂਆਂ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੂਟਿੰਗ ਨਾਲ ਕੋਈ ਲੈਣਾ-ਦੇਣਾ ਨਹੀਂ, ਪਰ ਬਾਲੀਵੁੱਡ ਦੇ ਅਦਾਕਾਰਾਂ ਨੂੰ ਦਿੱਲੀ ਵਿੱਚ ਚੱਲਦੇ ਕਿਸਾਨੀ ਸੰਘਰਸ਼ ਲਈ ਹਾਅ ਦਾ ਨਾਅਰਾ ਮਾਰਨਾ ਚਾਹੀਦਾ ਹੈ। ਜੇ ਏਦਾਂ ਨਾ ਹੋਇਆ ਤਾਂ ਉਹ ਇੱਥੇ ਸ਼ੂਟਿੰਗ ਨਹੀਂ ਕਰਨ ਦੇਣਗੇ। ਇਸ ਦੌਰਾਨ ਕਿਸਾਨਾਂ ਨੇ ਉਥੇ ਧਰਨਾ ਵੀ ਦਿੱਤਾ। ਇਸ ਮਗਰੋਂ ਸ਼ੂਟਿੰਗ ਟੀਮ ਦੇ ਇੰਚਾਰਜ ਲਾਲਜੀਤ ਸਿੰਘ ਲਾਲੀ ਤੇ ਮਨੀਸ਼ ਵਾਲੀਆ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਉਹ ਕਿਸਾਨਾਂ ਦੇ ਨਾਲ ਹਨ ਅਤੇ ਕੇਂਦਰ ਸਰਕਾਰ ਤੋਂ ਕਿਸਾਨੀ ਮਸਲਾ ਹੱਲ ਕਰਨ ਦੀ ਵੀ ਮੰਗ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਫਿਲਮ ਨਾਲ ਸਬੰਧਤ ਬਾਲੀਵੁੱਡ ਦੇ ਅਹਿਮ ਲੋਕਾਂ ਨੂੰ ਕਿਸਾਨਾਂ ਦੇ ਹੱਕ ਵਿੱਚ ਬਿਆਨ ਦੇਣ ਨੂੰ ਕਹਿਣਗੇ।

# ਪੰਜਾਬ ਦਾ ਜੇਲ੍ਹ ਵਿਭਾਗ ਅੰਸਾਰੀ ਨੂੰ ਆਜ਼ਮਗੜ੍ਹ ਨਹੀਂ ਭੇਜੇਗਾ

ਰੂਪਨਗਰ, 11 ਜਨਵਰੀ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਪੁਲਸ ਨੇ ਮਊ ਹਲਕੇ ਦੇ ਵਿਧਾਇਕ ਅਤੇ ਬਾਹੂਬਲੀ ਲੀਡਰ ਮੁਖਤਾਰ ਅੰਸਾਰੀ ਨੂੰ ਆਜ਼ਮਗੜ੍ਹ ਕੋਰਟ ਵਿੱਚ ਪੇਸ਼ ਕਰਨ ਲਈ ਰੂਪਨਗਰ ਜ਼ਿਲ੍ਹਾ ਜੇਲ੍ਹ ਦੇ ਅਧਿਕਾਰੀਆਂ ਨੂੰ ਸੁਪਰੀਮ ਕੋਰਟ ਦਾ ਨੋਟਿਸ ਸੌਂਪਿਆ ਗਿਆ ਹੈ, ਪ੍ਰੰਤੂ ਜੇਲ੍ਹ ਮੈਨੇਜਮੈਂਟ ਮੈਡੀਕਲ ਗਰਾਊਂਡ ਦ ਕਾਰਨ ਮੁਖਤਾਰ ਅੰਸਾਰੀ ਨੂੰ ਉਤਰ ਪ੍ਰਦੇਸ਼ ਨਹੀਂ ਭੇਜੇਗਾ। ਅਜੇ ਤੱਕ ਜੇਲ੍ਹ ਪ੍ਰਸ਼ਾਸਨ ਨੇ ਮੁਖਤਾਰ ਅੰਸਾਰੀ ਨੂੰ ਉਤਰ ਪ੍ਰਦੇਸ਼ ਪੁਲਸ ਨੂੰ ਸੌਂਪਣ ਜਾਂ ਕੋਰਟ ਵਿੱਚ ਪੇਸ਼ ਕਰਨ ਦੀ ਕੋਈ ਵਿਵਸਥਾ ਵੀ ਨਹੀਂ ਕੀਤੀ ਹੈ।

ਦੱਸਿਆ ਗਿਆ ਹੈ ਕਿ ਜੇਲ੍ਹ ਮੈਨੇਜਮੈਂਟ ਨੂੰ ਮਿਲੇ ਸੁਪਰੀਮ ਕੋਰਟ ਦੇ ਇੱਕ ਨੋਟਿਸ ਵਿੱਚ ਮੁਖਤਾਰ ਅੰਸਾਰੀ ਨੂੰ 11 ਜਨਵਰੀ (ਸੋਮਵਾਰ) ਨੂੰ ਆਜ਼ਮਗੜ੍ਹ ਕੋਰਟ ਵਿੱਚ ਪੇਸ਼ ਕਰਨ ਲਈ ਕਿਹਾ ਗਿਆ ਸੀ। ਸੂਤਰਾਂ ਦਾ ਕਹਿਣਾ ਹੈ ਕਿ 14 ਜਨਵਰੀ 2021 ਨੂੰ ਮੁਖਤਾਰ ਅੰਸਾਰੀ ਦੀ ਪਿੱਠ ਦੀ ਐਮ ਆਰ ਆਈ, ਪੀ ਜੀ ਆਈ ਚੰਡੀਗੜ੍ਹ ਵਿੱਚ ਹੋਣੀ ਹੈ ਤੇ ਇਸ ਜਾਂਚ ਦੇ ਬਾਅਦ ਮੁਖਤਾਰ ਅੰਸਾਰੀ ਦੀ ਮੈਡੀਕਲ ਫਿਟਨੈਸ ਤੈਅ ਹੋਵੇਗੀ। ਇਸ ਲਈ ਜੇਲ੍ਹ ਮੈਨੇਜਮੈਂਟ ਅੰਸਾਰੀ ਨੂੰ ਕੋਰਟ


ਮੁਖਤਾਰ ਅੰਸਾਰੀ

ਵਿੱਚ ਪੇਸ਼ ਨਹੀਂ ਕਰੇਗਾ।ਇਸ ਬਾਰੇ ਰੂਪਨਗਰ ਦੀ ਜ਼ਿਲ੍ਹਾ ਜੇਲ੍ਹ ਦੇ ਸੁਪਰਡੈਂਟ ਦਲਜੀਤ ਸਿੰਘ ਨੇ ਦੱਸਿਆ ਕਿ ਨੋਟਿਸ 11 ਜਨਵਰੀ ਲਈ ਸੀ। ਮੁਖਤਾਰ ਅੰਸਾਰੀ ਨੂੰ ਕੋਰਟ ਵਿੱਚ ਪੇਸ਼ ਕਰਨ ਲਈ ਕਿਹਾ ਗਿਆ ਹੈ, ਪਰ ਮੈਡੀਕਲ ਗਰਾਊਂਡ 'ਤੇ ਅੰਸਾਰੀ ਨੂੰ ਨਹੀਂ ਭੇਜਿਆ ਜਾ ਰਿਹਾ। ਵਰਨਣ ਯੋਗ ਹੈ ਕਿ ਉਤਰ ਪ੍ਰਦੇਸ਼ ਦੇ ਗਾਜੀਪੁਰ ਜ਼ਿਲ੍ਹੇ ਦੇ ਮੁਹੰਮਦਾਬਾਦ ਥਾਣੇ ਵਿੱਚ ਅੰਸਾਰੀ ਦੇ ਖਿਲਾਫ ਕੇਸ ਦਰਜ ਹੈ। ਇਸੇ ਕੇਸ ਵਿੱਚ 21 ਅਕਤੂਬਰ 2020 ਨੂੰ ਮੁਖਤਾਰ ਨੂੰ ਕੋਰਟ ਵਿੱਚ ਪੇਸ਼ ਕੀਤਾ ਜਾਣਾ ਸੀ, ਪ੍ਰੰਤੂ ਉਸ ਸਮੇਂ ਉਤਰ ਪ੍ਰਦੇਸ਼ ਪੁਲਸ ਦੀ ਟੀਮ ਨੂੰ ਮੁਖਤਾਰ ਅੰਸਾਰੀ ਨਹੀਂ ਸੌਂਪਿਆ ਗਿਆ। ਤਦ ਇਸ ਗੱਲ ਦਾ ਹਵਾਲਾ ਦਿੱਤਾ ਗਿਆ ਸੀ ਕਿ ਮੁਖਤਾਰ ਦੀ ਸਿਹਤ ਠੀਕ ਨਹੀਂ ਹੈ।

# ਕਿਸਾਨ ਅੰਦੋਲਨ ਸਬੰਧੀ ‘ਸੱਦਾ ਪੱਤਰ’ ਖਿੱਚ ਦਾ ਕੇਂਦਰ ਬਣਿਆ

*** ‘ਕਾਕਾ ਪੰਜਾਬ ਸਿੰਘ’ ਦਾ ‘ਦਿੱਲੀ ਮਰਜਾਣੀ’ ਨਾਲ ਸ਼ੁੱਭ ਵਿਆਹ ਰੱਖਿਆ**

ਮੁਕਤਸਰ ਸਾਹਿਬ, 11 ਜਨਵਰੀ (ਪੋਸਟ ਬਿਊਰੋ)- ਵੱਖ-ਵੱਖ ਸੋਸ਼ਲ ਮੀਡੀਆ ਗਰੁੱਪਾਂ ਵਿੱਚ ਕਿਸਾਨ ਅੰਦੋਲਨ ਬਾਰੇ ਖਿੱਚ ਦਾ ਕੇਂਦਰ ਬਣਿਆ ਇੱਕ ਸੱਦਾ ਪੱਤਰ ਕਾਰਡ ਚਰਚਾ ਦਾ ਵਿਸ਼ਾ ਹੈ।

ਇਸ ਕਾਰਡ ਵਿੱਚ ਕਿਸਾਨ ਆਗੂਆਂ ਵੱਲੋਂ 26 ਜਨਵਰੀ ਨੂੰ ਦਿੱਲੀ ਵਿਖੇ ਹੋਣ ਜਾ ਰਹੇ ਸੰਘਰਸ਼ ਵਿੱਚ ਵੱਧ-ਚੜ ਕੇ ਸ਼ਮੂਲੀਅਤ ਕਰਨ ਦਾ ਅਨੋਖੇ ਢੰਗ ਨਾਲ ਸੱਦਾ ਦਿੱਤਾ ਜਾ




ਰਿਹਾ ਹੈ। ਕਾਰਡ ਉੱਤੇ ‘ਕਾਕਾ ਪੰਜਾਬ ਸਿੰਘ ਦਾ ਸ਼ੁੱਭ ਵਿਆਹ ਬੀਬੀ ਦਿੱਲੀ ਮਰਜਾਣੀ’ ਨਾਲ 26 ਜਨਵਰੀ ਦਿਨ ਮੰਗਲਵਾਰ ਨੂੰ ਹੋਣਾ ਤੈਅ ਲਿਖਿਆ ਹੈ। ਬਰਾਤ ਦਾ ਟਾਈਮ ਸਵੇਰੇ ਨੌਂ ਵਜੇ, ਮਿਲਣੀ ਸਵੇਰੇ ਦਸ ਵਜੇ ਸਿੰਘੂ ਬਾਰਡਰ ਉੱਤੇ ਤਰਪਾਲਾਂ ਨਾਲ ਹੋਣ ਦੀ ਗੱਲ ਕਹੀ ਜਾ ਰਹੀ ਹੈ।ਕਾਰਡ ਦੇ ਸਭ ਤੋਂ ਥੱਲੇ ਮੋਦੀ, ਤੋਮਰ ਅਤੇ ਸ਼ਾਹ ਵੱਲੋਂ ‘ਹਮਾਲੀ ਦੀਦੀ ਕੀ ਸ਼ਾਦੀ ਮੇਂ ਜਲੂਲ ਆਨਾ’ ਸਲੋਗਨ ਲਿਖਿਆ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਕਿਸਾਨਾਂ ਵੱਲੋਂ ਇਸ ਅਨੋਖੇ ਕਾਰਡ ਦੇ ਨਾਲ 26 ਜਨਵਰੀ ਦੇ ਅੰਦੋਲਨ ਵਿੱਚ ਲੋਕਾਂ ਨੂੰ ਵੱਧ-ਚੜ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਜਾ ਰਹੀ ਹੈ।

# ਕਿਸਾਨ ਅਮਰਿੰਦਰ ਵੱਲੋਂ ਖ਼ੁਦਕੁਸ਼ੀ ਕੇਸ ’ਚ ਵਾਇਰਲ ਵੀਡੀਓਜ਼ ਨਾਲ ਨਵਾਂ ਖ਼ੁਲਾਸਾ

ਫਤਹਿਗੜ੍ਹ ਸਾਹਿਬ, 11 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰਦਿਆਂ ਕੁੰਡਲੀ ਬਾਰਡਰ ’ਤੇ ਧਰਨਾ ਦੇ ਰਹੇ ਪੰਜਾਬ ਦੇ ਕਿਸਾਨ ਨੇ ਪਰਸੋਂ ਸ਼ਾਮ ਜ਼ਹਿਰ ਖਾ ਲਿਆ ਸੀ, ਜਿਸ ਕਾਰਨ ਉਸ ਦੀ ਇਲਾਜ ਦੌਰਾਨ ਨਿੱਜੀ ਹਸਪਤਾਲ ਵਿੱਚ ਮੌਤ ਹੋ ਗਈ ਸੀ। ਪੰਜਾਬ ਦੇ ਫਤਹਿਗੜ੍ਹ ਦੇ ਕਿਸਾਨ ਦੀ ਖ਼ੁਦਕੁਸ਼ੀ ਤੋਂ ਬਾਅਦ ਉਸ ਦੀਆਂ ਚਾਰ ਵੀਡੀਓ ਸਾਹਮਣੇ ਆਈਆਂ ਹਨ, ਜੋ ਕੁਝ ਦਿਨ ਪਹਿਲਾਂ ਦੀਆਂ ਦੱਸੀਆਂ ਗਈਆਂ ਹਨ।

ਇਨ੍ਹਾਂ ਵੀਡੀਓਜ਼ ਵਿੱਚ ਕਿਸਾਨ ਦੱਸ ਰਿਹਾ ਹੈ ਕਿ ਉਹ ਕਤਲ ਦੇ ਇੱਕ ਮਾਮਲੇ ਵਿੱਚ ਸ਼ਾਮਲ ਸੀ, ਪਰ ਕਤਲ ਦਾ ਕੇਸ ਉਸ ਦੇ ਬੇਟੇ ’ਤੇ ਵੀ ਦਰਜ ਕਰ ਦਿੱਤਾ ਗਿਆ, ਜਿਸ ਕਾਰਨ ਉਹ ਖ਼ੁਦਕੁਸ਼ੀ ਕਰਨ ਜਾ ਰਿਹਾ ਹੈ। ਇਹ ਵੀਡੀਓ ਸੋਨੀਪਤ ਦੀ ਪੁਲਸ ਕੋਲ ਵੀ ਪਹੁੰਚੀਆਂ ਹਨ, ਪਰ ਇਨ੍ਹਾਂ ਵੀਡੀਓਜ਼ ਦੀ ਨਾ ਪੁਸ਼ਟੀ ਹੋਈ ਹੈ ਅਤੇ ਨਾ ਮ੍ਰਿਤਕ ਦੇ ਕਿਸੇ ਪਰਵਾਰਕ ਮੈਂਬਰ ਨੇ ਸੋਨੀਪਤ ਪੁਲਸ ਨੂੰ ਸ਼ਿਕਾਇਤ ਕੀਤੀ ਹੈ। ਪੁਲਸ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਸ਼ਿਕਾਇਤ ਆਏਗੀ ਤਾਂ ਕਾਰਵਾਈ ਕੀਤੀ ਜਾਵੇਗੀ।ਅਮਰਿੰ-ਦਰ ਦੀ ਖ਼ੁਦਕੁਸ਼ੀ ਦੇ ਦੂਜੇ ਦਿਨ ਇਹ ਵੀਡੀਓ ਆਈਆਂ ਹਨ। ਇਨ੍ਹਾਂ ਵਿੱਚ ਉਹ ਆਪਣੀ ਖ਼ੁਦਕੁਸ਼ੀ ਦਾ ਕਾਰਨ ਦੱਸਦਿਆਂ ਕਈ ਲੋਕਾਂ ’ਤੇ ਦੋਸ਼ ਲਾ ਰਿਹਾ ਹੈ। ਵੀਡੀਓ ਵਿੱਚ ਅਮਰਿੰਦਰ ਨੇ ਦੱਸਿਆ ਕਿ ਉਹ ਆਪਣੀ ਪਤਨੀ ਨੂੰ ਪ੍ਰੇਸ਼ਾਨ ਕਰਦਾ ਸੀ, ਜਿਸ ਕਾਰਨ ਉਸ ਦੀ ਪਤਨੀ ਨੇ ਉਸ ਤੋਂ ਤਲਾਕ ਲੈ ਕੇ ਨਰਿੰਦਰ ਨਾਂ ਦੇ ਵਿਅਕਤੀ ਨਾਲ ਵਿਆਹ ਕਰਵਾ ਲਿਆ ਸੀ। ਇਸ ਕਾਰਨ ਉਸ ਨੇ ਹੋਰ ਲੋਕਾਂ ਨਾਲ ਮਿਲਕੇ ਨਰਿੰਦਰ ਸਿੰਘ ਦਾ ਕਤਲ ਕਰ ਦਿੱਤਾ ਸੀ ਅਤੇ ਉਸ ਦੇ ਬੇਟੇ ਖ਼ਿਲਾਫ਼ ਵੀ ਕੇਸ ਦਰਜ ਕੀਤੇ ਜਾਣ ਕਾਰਨ ਉਹ ਬਹੁਤ ਦੁਖੀ ਹੈ। ਉਹ ਵੀਡੀਓ ਵਿੱਚ ਇੱਕ ਹੋਰ ਵਿਅਕਤੀ ’ਤੇ ਅਫੀਮ ਦਾ ਧੰਦਾ ਕਰਨ ਦਾ ਦੋਸ਼ ਲਾ ਰਿਹਾ ਹੈ ਅਤੇ ਇਨ੍ਹਾਂ ਸਭ ਗੱਲਾਂ ਤੋਂ ਦੁਖੀ ਹੋ ਕੇ ਉਹ ਖ਼ੁਦਕੁਸ਼ੀ ਕਰਨ ਦੀ ਗੱਲ ਕਹਿ ਰਿਹਾ ਹੈ। ਇਹ ਜਾਂਚ ਦਾ ਵਿਸ਼ਾ ਹੈ ਕਿ ਇਹ ਵੀਡੀਓ ਕਿੰਨੀਆਂ ਪੁਰਾਣੀਆਂ ਹਨ।

# ਜੱਗੂ ਭਗਵਾਨਪੁਰੀਆ ਦਾ ਸਾਥੀ ਬੁੱਲੀ ਤੇ 2 ਹੋਰ ਹਥਿਆਰਾਂ ਸਣੇ ਕਾਬੂ

ਜੰਡਿਆਲਾ ਗੁਰੂ, 11 ਜਨਵਰੀ (ਪੋਸਟ ਬਿਊਰੋ)- ਬੀਤੀ ਇੱਕ ਜਨਵਰੀ ਨੂੰ ਜੰਡਿਆਲਾ ਗੁਰੂ ਦੇ ਮੁਹੱਲਾ ਸ਼ੇਖਪੁਰਾ ਵਿੱਚ ਝਗੜੇ ਦੌਰਾਨ ਅਭਿਸ਼ੇਕ ਸਿੰਘ ਉਰਫ਼ ਅਭੀ ਨੂੰ ਕੁਝ ਲੋਕਾਂ ਨੇ ਗੋਲੀਆਂ ਮਾਰ ਕੇ ਦਿਨ ਦਿਹਾੜੇ ਮਾਰ ਦਿੱਤਾ ਸੀ। ਇਸ ਕੇਸ ਵਿੱਚ ਪੁਲਸ ਨੇ ਬੀਤੀ ਰਾਤ ਜੰਡਿਆਲਾ ਗੁਰੂ ਦੇ ਪਿੰਡ ਤਿੰਮੋਵਾਲ ਵਿਖੇ ਛਾਪੇਮਾਰੀ ਕਰਕੇ ਤਿੰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਚਾਰ ਪਿਸਤੌਲ, ਤਿੰਨ ਮੈਗਜ਼ੀਨ ਤੇ 24 ਜ਼ਿੰਦਾ ਰੌਂਦ ਬਰਾਮਦ ਕੀਤੇ ਹਨ।

ਐਸ ਪੀ ਸਕਿਓਰਿਟੀ ਅਤੇ ਟ੍ਰੈਫ਼ਿਕ ਕੰਵਲਜੀਤ ਸਿੰਘ ਚਾਹਲਨੇ ਦੱਸਿਆ ਕਿ ਐਸ ਐਸ ਪੀ ਪੁਲਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਧਰੁਵ ਦਹੀਆ ਦੇ ਹੁਕਮਾਂ ’ਤੇ ਅਭਿਸ਼ੇਕ ਸਿੰਘ ਉਰਫ਼ ਅਭੀ ਦੇ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ ਲਈ ਬਣਾਈਆਂ ਗਈਆਂ ਟੀਮਾਂ ਵਿੱਚ ਡੀ ਐਸ ਪੀ ਜੰਡਿਆਲਾ ਗੁਰੂ ਸੁਖਵਿੰਦਰਪਾਲ ਸਿੰਘ, ਉਨ੍ਹਾਂ ਦੇ ਨਾਲ ਡੀ ਐਸ ਪੀ (ਡੀ) ਗੁਰਿੰਦਰਪਾਲ ਸਿੰਘ, ਏ ਐਸ ਪੀ ਮਜੀਠਾ ਅਭਿਮਨਿਊ ਰਾਣਾ ਦੀ ਅਗਵਾਈ ਹੇਠ ਥਾਣਾ ਜੰਡਿਆਲਾ ਗੁਰੂ, ਥਾਣਾ ਲੋਪੋਕੇ, ਥਾਣਾ ਭਿੰਡੀ ਸੈਦਾਂ, ਥਾਣਾ ਮੱਤੇਵਾਲ, ਥਾਣਾ ਕੱਥੂਨੰਗਲ ਅਤੇ ਸੀ ਆਈ ਏ ਸਟਾਫ ਦੀਆਂ ਟੀਮਾਂ ਨੇ ਦੇਰ ਰਾਤ ਜੰਡਿਆਲਾ ਗੁਰੂ ਦੇ ਪਿੰਡ ਤਿੰਮੋਵਾਲ ਵਿਖੇ ਰੇਡ ਕਰਕੇ ਅਭਿਸ਼ੇਕ ਸਿੰਘ ਦੇ ਕਤਲਦੇ ਤਿੰਨ ਦੋਸ਼ੀਆਂ ਬਲਜੀਤ ਸਿੰਘ ਉਰਫ਼ ਬੁੱਲੀ ਵਾਸੀ ਮੁਹੱਲਾ ਸ਼ੇਖਪੁਰਾ, ਜੰਡਿਆਲਾ ਗੁਰੂ, ਸੁਖਵਿੰਦਰ ਸਿਘ ਉਰਫ਼ ਘੁੱਦੂ, ਮੁਹੱਲਾ ਸ਼ੇਖੂਪਰਾ ਜੰਡਿਆਲਾ ਗੁਰੂ, ਕ੍ਰਿਸ਼ਨ ਵਾਸੀ ਮੁਹੱਲਾ ਸ਼ੇਖੂਪੁਰਾ ਜੰਡਿਆਲਾ ਗੁਰੂ ਨੂੰ ਗ੍ਰਿਫ਼ਤਾਰ ਕਰ ਕੇ ਇਨ੍ਹਾਂ ਕੋਲੋਂ ਤਿੰਨ ਪਿਸਤੌਲ 32 ਬੋਰ, ਤਿੰਨ ਮੈਗਜ਼ੀਨ, 19 ਜ਼ਿੰਦਾ ਰੌਂਦ, ਇੱਕ 38 ਬੋਰ ਪਿਸਤੌਲ ਤੇ ਪੰਜ ਜ਼ਿੰਦਾ ਰੌਂਦ, ਤਿੰਨ ਮੋਟਰਸਾਈਕਲ ਤੇ ਤਿੰਨ ਮੋਬਾਈਲ ਫ਼ੋਨ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਬਲਜੀਤ ਸਿੰਘ ਬੁੱਲੀ, ਜੋ ਜੱਗੂ ਭਗਵਾਨਪੁਰੀਆ ਦਾ ਕਰੀਬੀ ਸਾਥੀ ਮੰਨਿਆ ਜਾਂਦਾ ਹੈ ਤੇ ਜੰਡਿਆਲਾ ਗੁਰੂ ਤੇ ਤਰਨ ਤਾਰਨ ਵਿੱਚ ਵੀ ਸਰਮਗਮ ਸੀ ਅਤੇ ਨਸ਼ਾ ਤਸਕਰੀ, ਲੁੱਟ-ਖੋਹ ਦੀਆਂ ਕਈ ਵਾਰਦਾਤਾਂ ’ਚ ਲੋੜੀਂਦਾ ਸੀ। ਉਨ੍ਹਾਂ ਦੱਸਿਆ ਕਿ ਬਲਜੀਤ ਸਿੰਘ ਉਰਫ਼ ਬੁੱਲੀ ਜੰਡਿਆਲਾ ਗੁਰੂ, ਜੋ ਵਿੱਕੀ ਭੱਟੀ ਵਾਸੀ ਨਾਨਕਸਰ ਮੁਹੱਲਾ ਤਰਨ ਤਾਰਨ ਦਾ ਨੇੜਲਾ ਸਾਥੀ ਮੰਨਿਆ ਜਾਂਦਾ ਹੈ, ਨੇ ਜੰਡਿਆਲਾ ਗੁਰੂ ਦੇ ਗੰਨ ਹਾਊਸ ’ਚ ਡਕੈਤੀ ਕੀਤੀ ਸੀ ਤੇ ਬੁੱਲੀ ਉਪਰ ਕਤਲ, ਨਸ਼ਿਆਂ ਤੇ ਹਥਿਆਰਾਂ ਤੇ ਇਰਾਦਾ ਕਤਲ ਦੇ ਤੇ ਹੋਰ ਸੰਗੀਨ ਧਾਰਾਵਾਂ ਦੇ ਕੇਸ ਵੱਖ-ਵੱਖ ਥਾਣਿਆਂ ’ਚ ਦਰਜ ਹਨ। ਇਸੇ ਤਰ੍ਹਾਂ ਕਿਸ਼ਨ ਤੇ ਸੁਖਵਿੰਦਰ ਸਿੰਘ ਘੁੱਦੂ ਵਿਰੁੱਧ ਵੀ ਇਰਾਦਾ ਕਤਲ, ਹਥਿਆਰਾਂ ਤੇ ਹੋਰ ਧਰਾਵਾਂ ਦੇ ਕੇਸ ਦਰਜ ਹਨ। ਐਸ ਪੀ ਸਕਿਓਰਿਟੀ ਅਤੇ ਟ੍ਰੈਫ਼ਿਕ ਕੰਵਲਜੀਤ ਸਿੰਘ ਚਾਹਲ ਨੇ ਦੱਸਿਆ ਕਿ ਉਪਰੋਕਤ ਦੋਸ਼ੀਆਂ ਦੇ ਦੋ ਹੋਰ ਸਾਥੀ ਗੁਰਭੇਜ ਸਿੰਘ ਵਾਸੀ ਚੁਟਾਲਾ (ਤਰਨ ਤਾਰਨ) ਤੇ ਹਰਪ੍ਰੀਤ ਸਿੰਘ ਉਰਫ਼ ਹੈਪੀ ਵਾਸੀ ਜੰਡਿਆਲਾ ਗੁਰੂ ਨੂੰ ਵੀ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਏਗਾ।

# ਮੋਟਰਸਾਈਕਲ ਦੇ ਤਿਲਕਣ ਨਾਲ ਇੱਕ ਜਣੇ ਦੀ ਹੋਈ ਮੌਤ

ਜਲੰਧਰ, 11 ਜਨਵਰੀ (ਪੋਸਟ ਬਿਊਰੋ)- ਥਾਣਾ ਛਾਉਣੀ ਹੇਠਲੇ ਹਰਦਿਆਲ ਰੋਡ ਵਿਖੇ ਕੱਲ੍ਹ ਰਾਤ ਇੱਕ ਵਿਅਕਤੀ ਦਾ ਮੋਟਰਸਾਈਕਲ ਤਿਲਕਣ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਫੌਜੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਜਿੱਥੇ ਉਸ ਨੂੰ ਡਾਕਟਰਾਂ ਵੱਲੋਂ ਮ੍ਰਿਤਕ ਕਰਾਰ ਦੇ ਦਿੱਤਾ ਗਿਆ।

ਇਸ ਬਾਰੇ ਥਾਣਾ ਛਾਉਣੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਰਜਿੰਦਰ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ ਹਰਦਿਆਲ ਰੋਡ ਵਜੋਂ ਹੋਈ ਹੈ, ਜੋ ਕਿ ਰਾਤ ਛੱਤਰੀ ਚੌਕ ਨੇੜਿਓਂ ਜਾ ਰਿਹਾ ਸੀ ਕਿ ਇਸ ਦੌਰਾਨ ਉਸ ਦਾ ਮੋਟਰਸਾਈਕਲ ਤਿਲਕ ਗਿਆ। ਪੁਲਸ ਨੇ ਬਣਦੀ ਕਾਨੂੰਨੀ ਕਾਰਵਾਈ ਕਰ ਦਿੱਤੀ ਹੈ। ਮ੍ਰਿਤਕ ਰਜਿੰਦਰ ਸਿੰਘ ਕੈਂਟ ਵਿੱਚ ਸਥਿਤ ਐਮ ਈ ਐਸ ਦਫ਼ਤਰ ਵਿਖੇ ਇਲੈਕਟ੍ਰੀਸ਼ਨ ਵਜੋਂ ਕੰਮ ਕਰਦਾ ਸੀ।



# ਪੀ ਐਮ-ਕਿਸਾਨ ਯੋਜਨਾ ਦੇ ਅਯੋਗ ਲਾਭਪਾਤਰੀਆਂ ਨੂੰ 1364 ਕਰੋੜ ਦਿੱਤੇ ਗਏ

*** ਆਰ ਟੀ ਆਈ ਤਹਿਤ ਮੰਗੀ ਜਾਣਕਾਰੀ ਤੋਂ ਖੁਲਾਸਾ * ਸਭ ਤੋਂ ਵੱਧ ਅਯੋਗ ਲਾਭਪਾਤਰੀ ਪੰਜਾਬ ਤੋਂ ਨਿਕਲੇ**

ਨਵੀਂ ਦਿੱਲੀ, 11 ਜਨਵਰੀ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਆਪਣੀ ਅਤਿ ਉਤਸ਼ਾਹੀ ਪੀ ਐਮ-ਕਿਸਾਨ ਯੋਜਨਾ ਹੇਠ 20.48 ਲੱਖ ਅਯੋਗ ਲਾਭਪਾਤਰੀਆਂ ਨੂੰ 1364 ਕਰੋੜ ਰੁਪਏ ਦੀ ਅਦਾਇਗੀ ਕੀਤੀ ਹੈ। ਇਹ ਖੁਲਾਸਾ ਸੂਚਨਾ ਅਧਿਕਾਰ (ਆਰ ਟੀ ਆਈ) ਹੇਠ ਕੇਂਦਰ ਦੇ ਖੇਤੀ ਮੰਤਰਾਲੇ ਤੋਂ ਮੰਗੀ ਜਾਣਕਾਰੀ ਤੋਂ ਹੋਇਆ ਹੈ, ਜਿਸ ਤੋਂ ਹਰ ਕੋਈ ਹੈਰਾਨ ਹੋ ਰਿਹਾ ਹੈ।

ਅੰਕੜਿਆਂ ਮੁਤਾਬਕ ਇਸ ਯੋਜਨਾ ਦਾਲਾਭ ਲੈਣ ਵਾਲੇ ਸਭ ਤੋਂ ਵੱਧ ਅਯੋਗ ਲਾਭਪਾਤਰੀ ਪੰਜਾਬ ਦੇ ਹਨ। ਮੋਦੀ ਸਰਕਾਰ ਨੇ ਸਾਲ 2019 ਵਿੱਚ 'ਪ੍ਰਧਾਨ ਮੰਤਰੀ ਕਿਸਾਨ ਸੰਮਾਨ ਨਿਧੀ (ਪੀ ਐਮ-ਕਿਸਾਨ) ਯੋਜਨਾ'ਸ਼ੁਰੂ ਕੀਤੀ ਸੀ, ਜਿਸ ਦੇ ਤਹਿਤ ਦੋ ਹੈਕਟੇਅਰ ਤੱਕ ਦੀ ਜ਼ਮੀਨ ਮਾਲਕੀ ਵਾਲੇ ਛੋਟੇ ਤੇ ਸੀਮਾਂਤ ਕਿਸਾਨ ਪਰਵਾਰਾਂ ਨੂੰ ਸਾਲਾਨਾ 6000 ਰੁਪਏ ਤਿੰਨ ਬਰਾਬਰ ਕਿਸ਼ਤਾਂ ਵਿੱਚ ਦਿੱਤੇ ਜਾਣੇ ਸਨ। ਕੇਂਦਰੀ ਖੇਤੀ ਮੰਤਰਾਲੇ ਨੇ ਆਰ ਟੀ ਆਈ ਅਰਜ਼ੀ ਦੇ ਜਵਾਬ ਵਿੱਚ ਅਜਿਹੇ ਅਯੋਗ ਲਾਭਪਾਤਰੀਆਂ ਦੇ ਦੋ ਵਰਗਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਨੂੰ ਪੀ ਐਮ-ਕਿਸਾਨ ਸਕੀਮ ਤਹਿਤ ਪੈਸੇ ਦਿੱਤੇ ਗਏ ਹਨ। ਇਹ ਦੋ




ਵਰਗ 'ਅਯੋਗ ਕਿਸਾਨ' ਅਤੇ 'ਆਮਦਨ ਟੈਕਸ ਅਦਾ ਕਰਨ ਵਾਲੇ ਕਿਸਾਨ' ਹਨ। ਆਰ ਟੀ ਆਈ ਹੇਠ ਸੂਚਨਾ ਹਾਸਲ ਕਰਨ ਵਾਲੇ ਕਾਮਨਵੈਲਥ ਹਿਊਮਨ ਰਾਈਟਸ ਇਨੀਸ਼ੀਏਟਿਵ (ਸੀ ਐਚ ਆਰ ਆਈ) ਦੇ ਵੈਂਕਟੇਸ਼ ਨਾਇਕ ਨੇ ਕਿਹਾ, ''ਇਨ੍ਹਾਂ ਅਯੋਗ ਵਿਅਕਤੀਆਂ (ਲਾਭਪਾਤਰੀਆਂ) ਵਿੱਚੋਂ ਸਭ ਤੋਂ ਵੱਧ (55.58 ਫੀਸਦੀ) 'ਆਮਦਨ ਟੈਕਸ ਅਦਾ ਕਰਨ ਵਾਲੇ ਵਰਗ'ਵਿੱਚੋਂ ਅਤੇ 44.41 ਫੀਸਦੀ 'ਅਯੋਗ ਕਿਸਾਨ' ਵਰਗ ਨਾਲ ਸਬੰਧਤ ਹਨ।''ਨਾਇਕ ਨੇ ਕਿਹਾ ਕਿ ਮੀਡੀਆ ਰਿਪੋਰਟਾਂ ਮੁਤਾਬਕ ਇਨ੍ਹਾਂ ਅਯੋਗ ਲਾਭਪਾਤਰੀਆਂ ਨੂੰ ਅਦਾਇਗੀ ਦੀ ਵਸੂਲੀ ਕਰਨ ਲਈ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ। ਨਾਇਕ ਨੇ ਕਿਹਾ ਕਿ ਖੇਤੀ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਸਾਲ 2019 ਵਿੱਚ ਪੀ ਐਮ-ਕਿਸਾਨ ਯੋਜਨਾ ਦੇ ਆਗਾਜ਼ ਤੋਂ 31 ਜੁਲਾਈ 2020 ਤੱਕ 'ਅਯੋਗ ਲਾਭਪਾਤਰੀਆਂ' ਦੇ ਉਪਰੋਕਤ ਦੋਵਾਂ ਵਰਗਾਂ ਨੂੰ 1364.13 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਸਰਕਾਰ ਦੇ ਆਪਣੇ ਅੰਕੜੇ ਪੈਸਾ ਗਲਤ ਹੱਥਾਂ ਵਿੱਚ ਜਾਣ ਦਾ ਇਸ਼ਾਰਾ ਕਰਦੇ ਹਨ। ਇਨ੍ਹਾਂ ਅਯੋਗ ਲਾਭਪਾਤਰੀਆਂ 'ਚੋਂ ਵੱਡੀ ਗਿਣਤੀ ਪੰਜ ਰਾਜਾਂ: ਪੰਜਾਬ, ਆਸਾਮ, ਮਹਾਰਾਸ਼ਟਰ, ਗੁਜਰਾਤ ਤੇ ਉਤਰ ਪ੍ਰਦੇਸ਼ ਵਿੱਚੋਂ ਹਨ।ਅੰਕੜਿਆਂ ਮੁਤਾਬਕ 23.16 ਫੀਸਦੀ (4.74 ਲੱਖ) ਅਯੋਗ ਲਾਭਪਾਤਰੀਆਂ ਨਾਲ ਪੰਜਾਬ ਇਸ ਸੂਚੀ 'ਚ ਸਿਖਰ ਉਤੇ ਹੈ। ਆਸਾਮ ਤੇ ਮਹਾਰਾਸ਼ਟਰ ਕ੍ਰਮਵਾਰ 16.87 ਫੀਸਦੀ ਤੇ 13.99 ਫੀਸਦੀ ਨਾਲ ਇਸ ਸੂਚੀ 'ਚ ਦੂਜੇ ਤੇ ਤੀਜੇ ਸਥਾਨ 'ਤੇ ਹਨ। ਜੇ ਇਨ੍ਹਾਂ ਅੰਕੜਿਆਂ ਨੂੰ ਇਕੱਠਿਆਂ ਕਰੀਏ ਤਾਂ ਅੱਧੇ ਨਾਲੋਂ ਵੱਧ (54.03 ਫੀਸਦੀ) ਅਯੋਗ ਲਾਭਪਾਤਰੀ, ਜਿਨ੍ਹਾਂ ਨੂੰ ਅਦਾਇਗੀ ਕੀਤੀ ਗਈ ਹੈ, ਇਨ੍ਹਾਂ ਤਿੰਨਾਂ ਰਾਜਾਂ ਤੋਂ ਹਨ। ਗੁਜਰਾਤ (8.05 ਫੀਸਦੀ) ਚੌਥੀ ਤੇ ਉਤਰ ਪ੍ਰਦੇਸ਼ (8.05 ਫੀਸਦੀ) ਪੰਜਵੀਂ ਥਾਵੇਂ ਹੈ। ਸਿੱਕਮ ਇੱਕ ਫੀਸਦੀ ਅਯੋਗ ਲਾਭਪਾਤਰੀ ਹੋਣ ਨਾਲ ਸਭ ਤੋਂ ਹੇਠਲੇ ਸਥਾਨ 'ਤੇ ਹੈ।

## ਗਣਤੰਤਰ ਦਿਵਸ ਮੌਕੇ ਕਿਸਾਨਾਂ ਵੱਲੋਂ ਹਰਿਆਣਾ ਵਿੱਚ ਮੰਤਰੀਆਂ ਨੂੰ ਤਿਰੰਗਾ ਨਾ ਲਹਿਰਾਉਣ ਦੇਣ ਦਾ ਫੈਸਲਾ

ਚੰਡੀਗੜ੍ਹ, 11 ਜਨਵਰੀ (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਯੂਥ ਵਿੰਗ ਨੇ ਐਲਾਨ ਕੀਤਾ ਹੈ ਕਿ ਖੇਤੀ ਕਾਨੂੰਨ ਰੱਦ ਨਾ ਹੋਣ ਦੇ ਰੋਸ ਵਜੋਂ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਇਸ ਰਾਜ ਦੇ ਮੁੱਖ ਮੰਤਰੀ, ਉਪ ਮੁੱਖ ਮੰਤਰੀ ਸਣੇ ਹੋਰਨਾਂ ਕੈਬਨਿਟ ਮੰਤਰੀਆਂ ਨੂੰ ਤਿਰੰਗਾ ਨਹੀਂ ਲਹਿਰਾਉਣ ਦਿੱਤਾ ਜਾਵੇਗਾ।



ਜਥੇਬੰਦੀ ਦੇ ਯੂਥ ਵਿੰਗ ਦੇ ਆਗੂ ਰਵੀ ਆਜ਼ਾਦ ਨੇ ਦੱਸਿਆ ਕਿ ਇਹ ਫੈਸਲਾ ਕੱਲ੍ਹ ਸ਼ਾਮ ਹਰਿਆਣਾ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਸਾਂਝੇ ਤੌਰ 'ਤੇ ਕੀਤੀ ਬੈਠਕ ਵਿੱਚ ਲਿਆ।ਉਨ੍ਹਾਂ ਦੱਸਿਆ ਕਿ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਸੰਘਰਸ਼ ਵਾਂਗ ਹਰਿਆਣਾ ਵਿੱਚ ਭਾਰਤੀ ਜਨਤਾ ਪਾਰਟੀ ਅਤੇ ਜੇ ਜੇ ਪੀ ਖਿਲਾਫ ਸੰਘਰਸ਼ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕੱਲ੍ਹ ਕਰਨਾਲ ਦੇ ਪਿੰਡ ਕੈਮਲਾ ਵਿੱਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਵਿਰੋਧ ਕੀਤਾ ਗਿਆ, ਉਸੇ ਤਰ੍ਹਾਂ ਭਵਿੱਖ ਵਿੱਚ ਭਾਜਪਾ ਅਤੇ ਜੇ ਜੇ ਪੀ ਆਗੂਆਂ ਦਾ ਵਿਰੋਧ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਵੀ ਅੰਬਾਲਾ ਅਤੇ ਪੰਚਕੂਲਾ ਵਿੱਚ ਮੁੱਖ ਮੰਤਰੀ ਦਾ ਵਿਰੋਧ ਕੀਤਾ ਜਾ ਚੁੱਕਾ ਹੈ।

ਰਵੀ ਆਜ਼ਾਦ ਨੇ ਦੱਸਿਆ ਕਿ ਹਰਿਆਣਾ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਗਣਤੰਤਰ ਦਿਵਸ ਮੌਕੇ ਕੱਢੀ ਜਾਣ ਵਾਲੀ 'ਟਰੈਕਟਰ ਮਾਰਚ ਪਰੇਡ' ਦੀਆਂ ਤਿਆਰੀਆਂ ਚੱਲ ਰਹੀਆਂ ਹਨ ਤੇ ਸੂਬੇ ਦੇ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦੀ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਹਰ ਪਿੰਡ ਵਿੱਚੋਂ 10 ਟਰੈਕਟਰ ਅਤੇ ਹਰ ਘਰ ਵਿੱਚੋਂ ਇੱਕ ਜਣਾ ਦਿੱਲੀ ਪਰੇਡ ਵਿੱਚ ਹਿੱਸਾ ਲਵੇ। ਉਨ੍ਹਾਂ ਦੱਸਿਆ ਕਿ 26 ਜਨਵਰੀ ਨੂੰ ਹਰਿਆਣਾ ਵਿੱਚ ਵੀ ਵੱਖ-ਵੱਖ ਥਾਵਾਂ ਉਤੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ।ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂੰਨੀ ਨੇ ਹਰਿਆਣਾ ਦੀਆਂ ਸਾਰੀਆਂ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ ਵਿੱਚ ਯੂਨੀਅਨ ਦੀਆਂ ਕਮੇਟੀਆਂ ਬਣਾਉਣ ਤਾਂ ਜੋ ਕਿਸਾਨੀ ਸੰਘਰਸ਼ ਦੀ ਵਿਉਂਤਬੰਦੀ ਆਸਾਨੀ ਨਾਲ ਪਿੰਡ ਪੱਧਰ ਤੱਕ ਪਹੁੰਚਾਈ ਜਾ ਸਕੇ।

## ਅਣਐਲਾਨੀ ਵਿਦੇਸ਼ੀ ਜਾਇਦਾਦ ਦੀ ਜਾਂਚ ਲਈ ਵਿਸ਼ੇਸ਼ ਯੂਨਿਟ ਬਣੇ

ਨਵੀਂ ਦਿੱਲੀ, 11 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਦੇਸ਼ ਵਿੱਚ ਇਨਕਮ ਟੈਕਸ ਵਿਭਾਗ ਦੀਆਂ ਜਾਂਚ ਬਰਾਂਚਾਂ ਵਿੱਚ ਵਿਸ਼ੇਸ਼ ਯੂਨਿਟਬਣਾਏ ਹਨ। ਇਹ ਯੂਨਿਟਭਾਰਤੀ ਨਾਗਰਿਕਾਂ ਦੀ ਅਣ-ਐਲਾਨੀ ਵਿਦੇਸ਼ੀ ਜਾਇਦਾਦ ਅਤੇ ਕਾਲੇਧਨ ਨਾਲ ਜੁੜੇ ਕੇਸਾਂ ਦੀ ਜਾਂਚ 'ਤੇ ਧਿਆਨ ਦੇਣਗੇ।

ਪਿੱਛੇ ਜਿਹੇ ਭਾਰਤ ਵਿੱਚ 14 ਜਾਂਚ ਡਾਇਰੈਕਟੋਰੇਟਾਂ ਵਿੱਚ ਵਿਦੇਸ਼ੀ ਜਾਇਦਾਦ ਜਾਂਚ ਯੂਨਿਟ(ਐਫ ਏ ਆਈ ਯੂ) ਬਣਾਇਆ ਗਿਆ ਹੈ। ਪਨਾਮਾ ਪੇਪਰਜ਼ ਵਰਗੇ ਲੀਕ ਦਸਤਾਵੇਜ਼ਾਂ ਵਿੱਚ ਸਾਹਮਣੇ ਆਈਆਂ ਭਾਰਤੀ ਕੰਪਨੀਆਂ ਦੇ ਮਾਮਲੇ ਦੀ ਜਾਂਚ ਦਾ ਜ਼ਿੰਮਾ ਵੀ ਇਨ੍ਹਾਂ ਵਿਸ਼ੇਸ਼ਯੂਨਿਟ ਨੂੰ ਮਿਲੇਗਾ।ਇੱਕ ਅਧਿਕਾਰੀ ਨੇ ਦੱਸਿਆ ਕਿ ਕੇਂਦਰੀ ਸਿਧੇ ਟੈਕਸ ਬੋਰਡ (ਸੀ ਬੀ ਡੀ ਟੀ) ਨੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਤੋਂ ਮਨਜ਼ੂਰੀ ਮਿਲਣ ਪਿੱਛੋਂਇਸ ਯੂਨਿਟਲਈ ਨਵੰਬਰ ਵਿੱਚ ਟੈਕਸ ਵਿਭਾਗ ਦੇ 69 ਮੌਜੂਦਾ ਅਹੁਦਿਆਂ ਵਿੱਚ ਇਸ ਦੇ ਅਨੁਸਾਰ ਬਦਲਾਅ ਕੀਤਾ ਸੀ। ਇੱਕ ਹੋਰ ਅਧਿਕਾਰੀ ਨੇ ਕਿਹਾ, ਭਾਰਤ ਨੇ ਕਈ ਦੇਸ਼ਾਂ ਨਾਲ ਸੰਧੀ ਕੀਤੀ ਅਤੇ ਕੁਝ ਨਾਲ ਪਹਿਲੇ ਸਮਝੌਤਿਆਂ ਵਿੱਚ ਸੁਧਾਰ ਬਾਰੇ ਗੱਲਬਾਤ ਕੀਤੀ। ਇਸ ਦੇ ਜ਼ਰੀਏ ਦੇਸ਼ ਨੂੰ ਬਹੁਤ ਸਾਰੇ ਅੰਕੜੇ ਪ੍ਰਾਪਤ ਹੋ ਰਹੇ ਹਨ।ਅਧਿਕਾਰੀ ਨੇ ਕਿਹਾ ਕਿ ਅਸੀਂ ਇੱਕ ਸੰਸਾਰਕ ਸਿਸਟਮ ਨਾਲ ਜੁੜੇ ਹਾਂ, ਜਿੱਥੇ ਟੈਕਸ ਸੂਚਨਾ ਦਾ ਖੁਦ ਲੈਣ-ਦੇਣ ਹੁੰਦਾ ਹੈ। ਜ਼ਿਆਦਾ ਤੋਂ ਜ਼ਿਆਦਾ ਦੇਸ਼ਪਾਰਦਰਸ਼ਿਤਾ ਲਿਆਉਣ, ਗਲੋਬਲ ਮਨੀ ਲਾਂਡਰਿੰਗ ਦੀ ਸਮੱਸਿਆ, ਅੱਤਵਾਦ ਨੂੰ ਫੰਡਿੰਗ ਦੀ ਸਮੱਸਿਆ, ਅੱਤਵਾਦ ਦੇ ਵਿੱਤ ਪੋਸ਼ਣ ਅਤੇ ਟੈਕਸ ਚੋਰੀ ਨਾਲ ਨਿਪਟਣ ਦੇ ਲਈ ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ ਅਤੇ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ ਦੁਆਰਾ ਤੈਅ ਅੰਤਰਰਾਸ਼ਟਰੀ ਪ੍ਰੋਟੋਕੋਲ ਦੀ ਪਾਲਣਾ ਕਰ ਰਹੇ ਹਨ।ਅਧਿਕਾਰੀ ਨੇ ਕਿਹਾ ਕਿ ਗੈਰ ਕਾਨੂੰਨੀ ਤਰੀਕੇ ਨਾਲ ਜਮ੍ਹਾਂ ਵਿਦੇਸ਼ੀ ਜਾਇਦਾਦ 'ਤੇ ਲਗਾਮ ਲਾਉਣ ਲਈ ਟੈਕਸ ਅਧਿਕਾਰੀਆਂ ਨੂੰ ਵੱਖ-ਵੱਖ ਅੰਤਰਰਾਸ਼ਟਰੀ ਅਤੇ ਘਰੇਲੂ ਸਰੋਤਾਂ ਤੋਂ ਕਾਫੀ ਅੰਕੜੇ ਮਿਲ ਰਹੇ ਹਨ। ਸੂਚਨਾ ਦੇ ਵਿਸ਼ਲੇਸ਼ਣ ਲਈ ਅਲੱਗ ਯੂਨਿਟਦੀ ਜ਼ਰੂਰਤ ਸੀ।

## ਏਅਰ ਇੰਡੀਆ ਦੀਆਂ ਚਾਰ ਔਰਤ ਪਾਇਲਟਾਂ ਨੇ ਇਤਿਹਾਸ ਰਚਿਆ

*** ਸਾਨ ਫਰਾਂਸਿਸਕੋ ਤੋਂ ਬੈਂਗਲੂਰੂ ਤੱਕ ਨਾਰਥ ਪੋਲ ਉੱਤੋਂ ਦੀ ਉਡਾਣ ਭਰੀ**



ਬੈਂਗਲੁਰੂ, 11 ਜਨਵਰੀ (ਪੋਸਟ ਬਿਊਰੋ)- ਏਅਰ ਇੰਡੀਆ ਦੀਆਂ ਔਰਤ ਪਾਇਲਟਾਂ ਦੀ ਟੀਮ ਨੇ ਇਤਿਹਾਸ ਰਚਿਆ ਹੈ ਅਤੇ ਇੱਕ ਉਡਾਣ, ਜਿਸ 'ਚ ਸਿਰਫ਼ ਔਰਤ ਚਾਲਕ ਦਲ ਦੀਆਂ ਮੈਂਬਰ ਸਨ, ਕੱਲ੍ਹ ਸਾਨ ਫਰਾਂਸਿਸਕੋ ਤੋਂ ਬੈਂਗਲੂਰੂ ਤੱਕ ਪਹੁੰਚੀਆਂ ਹਨ, ਜਿਨ੍ਹਾਂ ਦੀ ਹਰ ਪਾਸੇ ਸ਼ਲਾਘਾ ਹੋ ਰਹੀ ਹੈ।

ਕੱਲ੍ਹ ਸਾਨ ਫਰਾਂਸਿਸਕੋ ਤੋਂ ਇਹ ਉਡਾਣ ਨਾਰਥ ਪੋਲ ਦੇ ਉਪਰੋਂ ਹੁੰਦੇ ਹੋਏ ਐਟਲਾਂਟਿਕ ਰੂਟ ਰਾਹੀਂ ਦੁਨੀਆ ਦੇ ਇੱਕ ਬਿੰਦੂ ਤੋਂ ਦੂਜੇ ਬਿੰਦੂ ਕਰਨ-ਾਟਕ ਦੀ ਰਾਜਧਾਨੀ ਬੈਂਗਲੁਰੂ ਤੱਕ ਪੁੱਜੀ। ਇਸ ਰੂਟ ਨੂੰ ਦੁਨੀਆ ਦੇ ਦੋ ਉਲਟ ਬਿੰਦੂਆਂ ਨੂੰ ਜੋੜਨ ਲਈ ਸ਼ਾਇਦ ਸਭ ਤੋਂ ਤੇਜ਼ ਰੂਟ ਮੰਨਿਆ ਜਾਂਦਾ ਹੈ ਅਤੇ ਦੁਨੀਆ ਦੀਆਂ ਸਭ ਤੋਂ ਲੰਬੀਆਂ ਉਡਾਣਾਂ ਵਿੱਚੋਂ ਇਸ ਨੂੰ ਇੱਕ ਮੰਨਿਆ ਜਾਂਦਾ ਹੈ। ਏਅਰ ਇੰਡੀਆ ਦੇ ਸੂਤਰਾਂ ਮੁਤਾਬਕ ਉਡਾਣ ਨੰਬਰ ਏ ਆਈ-176 ਕੱਲ੍ਹ ਸਾਨ ਫਰਾਂਸਿਸਕੋ ਤੋਂ ਰਾਤ 8.30 ਵਜੇ (ਸਥਾਨਕ ਸਮੇਂ ਅਨੁਸਾਰ) ਰਵਾਨਾ ਹੋਈ ਅਤੇ ਅੱਜ ਸੋਮਵਾਰ ਸਵੇਰੇ 3.45 ਵਜੇ ਭਾਰਤ ਪੁਜੀ।

ਨਾਗਰਿਕ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਟਵੀਟ ਕਰ ਕੇ ਕਿਹਾ ਹੈ ਕਿ ਏਅਰ ਇੰਡੀਆ ਦੀ ਔਰਤ ਸ਼ਕਤੀ ਦੁਨੀਆ ਭਰ 'ਚ ਉਚੀ ਉਡਾਣ ਭਰ ਕੇ ਆਪਣਾ ਝੰਡਾ ਲਹਿਰਾ ਰਹੀ ਹੈ। ਕੈਪਟਨ ਜ਼ੋਇਆ ਅਗਰਵਾਲ, ਕੈਪਟਨ ਪਪਾਗਰੀ ਥਮਈ, ਕੈਪਟਨ ਅਕਾਂਕਸ਼ਾ ਸੋਨਵਰੇ ਅਤੇ ਕੈਪਟਨ ਸ਼ਿਵਾਨੀ ਮਨਹਾਸ (ਸਾਰੀਆਂ ਔਰਤ ਕਾਕਪਿਟ ਕਰੂਅ) ਮਿਲ ਕੇ ਬੈਂਗਲੁਰੂ ਅਤੇ ਸਾਨ ਫਰਾਂਸਿਸਕੋ ਵਿਚਾਲੇ ਇਤਿਹਾਸਕ ਉਦਘਾਟਨੀ ਉਡਾਣ ਦਾ ਸੰਚਾਲਨ ਕਰ ਰਹੀਆਂ ਸਨ।

## ਕਾਰੋਬਾਰੀਆਂ ਦੀਆਂ ਜਥੇਬੰਦੀਆਂ ਵੱਲੋਂ ਵਟਸਐਪ ਅਤੇ ਫੇਸਬੁਕ ਉਤੇ ਪਾਬੰਦੀ ਲਾਉਣ ਦੀ ਮੰਗ

ਨਵੀਂ ਦਿੱਲੀ, 11 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਕਾਰੋਬਾਰੀਆਂ ਦੀਇੱਕ ਜਥੇਬੰਦੀ 'ਕਨਫੈਡਰੇਸ਼ਨ ਆਫ ਆਲ ਇੰਡੀਆ ਟਰੇਡਰਜ਼' (ਕੈਟ) ਨੇ ਸੂਚਨਾ ਤੇ ਤਕਨਾਲੋਜੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸਰਕਾਰ ਵਟਸਐਪ ਨੂੰ ਇਸ ਦੀ ਨਵੀਂ ਨਿੱਜਤਾ ਸਬੰਧੀ ਨੀਤੀ ਲਾਗੂ ਕਰਨ ਤੋਂ ਰੋਕੇ ਜਾਂ ਫਿਰ ਇਸ ਮੈਸੇਜਿੰਗ ਐਪ ਅਤੇ ਇਸ ਦੀ ਪਿੱਤਰੀ ਕੰਪਨੀ ਫੇਸਬੁਕ 'ਤੇ ਪਾਬੰਦੀ ਲਾਈ ਜਾਵੇ।




ਜਥੇਬੰਦੀ ਦਾ ਦਾਅਵਾ ਹੈ ਕਿ ਇਸ ਨਵੀਂ ਨਿੱਜਤਾ ਨੀਤੀ ਰਾਹੀਂ, ''ਇੱਕ ਵਿਅਕਤੀ ਜੋ ਵਟਸਐਪ ਦੀ ਵਰਤੋਂ ਕਰ ਰਿਹਾ ਹੈ, ਦਾ ਹਰ ਤਰ੍ਹਾਂ ਦਾ ਨਿੱਜੀ ਡੈਟਾ, ਅਦਾਇਗੀਆਂ ਸਬੰਧੀ ਵੇਰਵੇ, ਸੰਪਰਕ ਤੇ ਹੋਰ ਅਹਿਮ ਜਾਣਕਾਰੀ ਇਸ ਐਪ ਵੱਲੋਂ ਹਾਸਲ ਕੀਤਾ ਜਾਵੇਗਾ ਅਤੇ ਵਟਸਐਪ ਵੱਲੋਂ ਇਸ ਅਹਿਮ ਜਾਣਕਾਰੀ ਨੂੰ ਕਿਸੇ ਕੰਮ ਲਈ ਵਰਤਿਆ ਜਾ ਸਕਦਾ ਹੈ।'' ਸੂਚਨਾ ਤੇ ਤਕਨਾਲੋਜੀ ਮੰਤਰੀ ਨੂੰ ਲਿਖੇ ਪੱਤਰ ਵਿੱਚ ਜਥੇਬੰਦੀ ਨੇ ਮੰਗ ਕੀਤੀ ਹੈ ਕਿ ਸਰਕਾਰ ਤੁਰੰਤ ਵਟਸਐਪ ਨੂੰ ਇਸ ਦੀ ਨਵੀਂ ਨੀਤੀ ਲਾਗੂ ਕਰਨ ਤੋਂ ਰੋਕੇ ਜਾਂ ਵਟਸਐਪ ਅਤੇ ਇਸ ਦੀ ਪਿੱਤਰ ਕੰਪਨੀ ਫੇਸਬੁਕ 'ਤੇ ਪਾਬੰਦੀ ਲਾਈ ਜਾਵੇ।ਦੂਸਰੇ ਪਾਸੇ ਈ-ਮੇਲ ਰਾਹੀਂ ਭੇਜੇ ਗਏ ਜਵਾਬ ਵਿੱਚ ਵਟਸਐਪ ਦੇ ਬੁਲਾਰੇ ਨੇ ਕਿਹਾ, ''ਪਾਰਦਰਸ਼ਤਾ ਨੂੰ ਹੋਰ ਵਧਾਉਣ ਲਈ ਅਸੀਂ ਨਿੱਜਤਾ ਸਬੰਧੀ ਨੀਤੀ ਅਪਡੇਟ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਅਪਡੇਟ ਤਹਿਤ ਵਟਸਐਪ ਦੇ ਫੇਸਬੁਕ ਨਾਲ ਡੈਟਾ ਸਾਂਝਾ ਕਰਨ ਦੇ ਤਰੀਕੇ 'ਚ ਕੋਈ ਬਦਲਾਅ ਨਹੀਂ ਆਏਗਾ ਅਤੇ ਇਸ ਦਾ ਲੋਕਾਂ ਵੱਲੋਂ ਦੁਨੀਆ ਭਰ ਵਿੱਚ ਕਿਤੇ ਵੀ ਆਪਣੇ ਦੋਸਤਾਂ ਜਾਂ ਪਰਵਾਰਕ ਮੈਂਬਰਾਂ ਨਾਲ ਕੀਤੀ ਜਾ ਰਹੀ ਨਿੱਜੀ ਗੱਲਬਾਤ 'ਤੇ ਵੀ ਕੋਈ ਪ੍ਰਭਾਵ ਨਹੀਂ ਪਵੇਗਾ। ਵਟਸਐਪ ਲੋਕਾਂ ਦੀ ਨਿੱਜਤਾ ਸੁਰੱਖਿਅਤ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।''

## ਮੇਘਾਲਿਆ ਦੇ ਸਿੱਖਾਂ ਦੇ ਮੁੜ ਵਸੇਬੇ ਲਈ ਪੰਜਾਬ ਸਰਕਾਰ ਦੇ ਦਖਲ ਦਾ ਖਾਸੀ ਜਥੇਬੰਦੀ ਵੱਲੋਂ ਵਿਰੋਧ

ਕੋਲਕਾਤਾ, 11 ਜਨਵਰੀ (ਪੋਸਟ ਬਿਊਰੋ)- ਮੇਘਾਲਿਆ ਦੇ ਖਾਸੀ ਕਬੀਲੇ ਦੇ ਨੌਜਵਾਨਾਂ ਦੀ ਜਥੇਬੰਦੀ ਹਾਈਨੀਟਰੈਪ ਯੂਥ ਕੌਂਸਲ (ਐਚ ਵਾਈ ਸੀ) ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਦੀ ਹਰੀਜਨ ਕਾਲੋਨੀ ਵਿੱਚ ਰਹਿੰਦੇ ਦਲਿਤ ਸਿੱਖਾਂ ਦੇ ਮੁੜ ਵਸੇਬੇ ਦੇ ਮਸਲੇ ਵਿੱਚ ਦਖਲ ਨਾ ਦੇਵੇ।

ਸ਼ਿਲਾਂਗ ਵਿੱਚ ਜਾਰੀ ਬਿਆਨ ਵਿੱਚ ਐਚ ਵਾਈ ਸੀ ਦੇ ਪ੍ਰਧਾਨ ਰੌਬਰਟਜੂਨ ਖਾਰਜਾਹਰੀਨ ਨੇ ਇਸ ਮਸਲੇ ਨੂੰ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼ ਕਰਨ ਵਾਲੀਆਂ ਬਾਹਰੀ ਏਜੰਸੀਆਂ ਨੂੰ ਗੰਭੀਰ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ ਹੈ। ਖਾਰਜਾਹਰੀਨ ਨੇ ਸਪੱਸ਼ਟ ਕੀਤਾ ਕਿ ਉਸ ਦਾ ਬਾਹਰੀ ਏਜੰਸੀਆਂ ਤੋਂ ਭਾਵ ਪੰਜਾਬ ਸਰਕਾਰ ਤੋਂ ਹੈ। ਖਾਸੀ ਫਿਰਕੇ ਦੀਆਂ ਕਈ ਜਥੇਬੰਦੀਆਂ ਵੱਲੋਂ ਹਰੀਜਨ ਕਾਲੋਨੀ ਖਾਲੀ ਕਰਾਉਣ ਲਈ ਦਲਿਤ ਸਿੱਖਾਂ ਨੂੰ ਮਜਬੂਰ ਕਰਨ ਦੇ ਖਿਲਾਫ ਪੰਜਾਬ ਸਰਕਾਰ ਨੇ ਸਖਤ ਇਤਰਾਜ਼ ਕੀਤਾ ਸੀ। ਪੰਜਾਬ ਸਰਕਾਰ ਵੱਲੋਂ ਹਰੀਜਨ ਕਾਲੋਨੀ ਦੇ ਬੇਸਹਾਰਾ ਸਿੱਖਾਂ ਨਾਲ ਖੜ੍ਹਨਾ ਮੇਘਾਲਿਆ ਦੀਆਂ ਖਾਸੀ ਫਿਰਕੇ ਨਾਲ ਸਬੰਧਤ ਕਈ ਜਥੇਬੰਦੀਆਂ ਨੂੰ ਰਾਸ ਨਹੀਂ ਆਇਆ। ਐਚ ਵਾਈ ਸੀ ਨੇ ਕਿਹਾ ਕਿ ਹਰੀਜਨ ਕਾਲੋਨੀ ਦੇ ਵਾਸੀਆਂ ਦੇ ਮੁੜ ਵਸੇਬੇ ਨੂੰ ਵਿਕਾਸ ਦੇ ਨਜ਼ਰੀਏ ਤੋਂ ਵੇਖਿਆ ਜਾਣਾ ਚਾਹੀਦਾ ਹੈ।

## ਸਿਡਨੀ ਟੈਸਟ ਵਿਚ ਭਾਰਤੀ ਕ੍ਰਿਕਟ ਖਿਡਾਰੀਆਂ ਵਿਰੁੱਧ ਨਸਲੀ ਟਿੱਪਣੀਆਂ

*** ਕ੍ਰਿਕਟ ਆਸਟਰੇਲੀਆ ਨੇ ਮੁਆਫੀ ਮੰਗੀ**




ਸਿਡਨੀ, 11 ਜਨਵਰੀ (ਪੋਸਟ ਬਿਊਰੋ)- ਭਾਰਤੀ ਕ੍ਰਿਕਟਰਾਂ ਵਿਸ਼ੇਸ਼ ਤੌਰ ਉਤੇ ਤੇਜ਼ ਗੇਂਦਬਾਜ਼ ਮੁਹੰਮਦ ਸਿਰਾਜ ਨੂੰ ਆਸਟੇਰਲੀਆ ਵਿਰੁੱਧ ਤੀਜੇ ਟੈਸਟ ਕ੍ਰਿਕਟ ਮੈਚ ਵਿੱਚ ਲਗਾਤਾਰ ਦੂਜੇ ਦਿਨ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨਾ ਪਿਆ। ਬੀ ਸੀ ਸੀ ਆਈ (ਭਾਰਤੀ ਕ੍ਰਿਕਟ ਕੰਟਰੋਲ ਬੋਰਡ) ਦੇ ਸੂਤਰਾਂ ਅਨੁਸਾਰ ਸਿਰਾਜ ਨੂੰ 'ਬ੍ਰਾਊਨ ਡਾਗ' ਤੇ 'ਬਿੱਗ ਮੰਕੀ' ਕਿਹਾ ਗਿਆ। ਸਿਰਾਜ ਦੇ ਪਿਤਾ ਦਾ ਪਿੱਛੇ ਜਿਹੇ ਹੀ ਦਿਹਾਂਤ ਹੋਇਆ ਸੀ ਤੇ ਉਹ ਵੀ ਗਮਜ਼ਦਾ ਸੀ।

ਪਹਿਲੀ ਵਾਰ ਆਸਟਰੇਲੀਆਈ ਦੌਰੇ 'ਤੇ ਗਿਆ ਇਹ 26 ਸਾਲਾ ਖਿਡਾਰੀ ਨਿਯਮਾਂ ਦੀ ਪਾਲਣਾ ਕਰਦੇ ਹੋਏ ਹੀ ਕਪਤਾਨ ਅਜਿੰਦਯ ਰਹਾਣੇ ਅਤੇ ਮੈਦਾਨੀ ਅੰਪਾਇਰਾਂ ਕੋਲ ਗਿਆ ਤੇ ਉਨ੍ਹਾਂ ਨੂੰ ਘਟਨਾ ਤੋਂ ਜਾਣੂ ਕਰਵਾਇਆ। ਇਸ ਨਾਲ ਖੇਡ 10 ਮਿੰਟ ਤੱਕ ਰੁਕੀ ਰਹੀ। ਸੁਰੱਖਿਆ ਕਰਮਚਾਰੀਆਂ ਨੂੰ ਬੁਲਾਇਆ ਗਿਆ, ਜਿਨ੍ਹਾਂ ਨੇ 6 ਦਰਸ਼ਕਾਂ ਨੂੰ ਸਟੇਡੀਅਮ ਤੋਂ ਬਾਹਰ ਕਰ ਦਿੱਤਾ। ਇਸ ਤੋਂ ਪਹਿਲੇ ਦਿਨ ਨਸ਼ੇ ਵਿੱਚ ਟੱਲੀ ਇੱਕ ਵਿਅਕਤੀ ਨੇ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਲਈ ਅਪਸ਼ਬਦਾਂ ਦਾ ਇਸਤੇਮਾਲ ਕੀਤਾ ਸੀ। ਬੀ ਸੀ ਸੀ ਆਈ ਪਹਿਲਾਂ ਆਈ ਸੀ ਸੀ ਦੇ ਮੈਚ ਰੈਫਰੀ ਡੇਵਿਡ ਬੂਨ ਕੋਲ ਇਸ ਦੀ ਸ਼ਿਕਾਇਤ ਕਰ ਚੁੱਕਾ ਹੈ। ਕ੍ਰਿਕਟ ਆਸਟੇਰਲੀਆ (ਸੀ ਏ) ਦੇ ਇੰਟੀਗ੍ਰਿਟੀ ਅਤੇ ਸੁਰੱਖਿਆ ਪ੍ਰਮੁੱਖ ਸੀਨ ਕੇਰੋਲ ਨੇ ਕਿਹਾ, ''ਲੜੀ ਦੇ ਮੇਜ਼ਬਾਨ ਹੋਣ ਨਾਤੇ ਅਸੀਂ ਭਾਰਤੀ ਕ੍ਰਿਕਟ ਟੀਮ ਵਿੱਚ ਆਪਣੇ ਦੋਸਤਾਂ ਤੋਂ ਮੁਆਫੀ ਮੰਗਦੇ ਹਾਂ ਤੇ ਉਨ੍ਹਾਂ ਨੂੰ ਭਰੋਸਾ ਦਿੰਦੇ ਹਾਂ ਕਿ ਅਸੀਂ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਾਂਗੇ।''

## ਬ੍ਰਿਟੇਨ ਦੀ ਲੇਬਰ ਪਾਰਟੀ ਦੇ ਨੇਤਾ ਨੇ 'ਕੱਟੜਪੰਥੀ' ਸਿੱਖ ਨੂੰ 'ਪੀਅਰ' ਬਣਾਉਣ ਦੀ ਯੋਜਨਾ ਰੱਦ ਕੀਤੀ

ਲੰਡਨ, 11 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ 'ਚ ਲੇਬਰ ਪਾਰਟੀ ਦੇ ਨੇਤਾ ਸਰ ਕੀਰ ਸਟਾਰਮਰ ਨੇ ਆਜ਼ਾਦ ਸਿੱਖ ਰਾਜ ਦੇ ਸਮਰਥਕ ਦਬਿੰਦਰਜੀਤ ਸਿੰਘ ਸਿੱਧੂ ਨੂੰ 'ਪੀਅਰ' (ਸਨਮਾਨਤ ਅਹੁਦਾ ਦੇਣਾ) ਬਣਾਉਣ ਦੀ ਯੋਜਨਾ ਰੱਦ ਕਰ ਦਿੱਤੀ ਹੈ। ਸਰ ਕੀਰ ਨੇ ਸਿੱਧੂ ਦੇ ਖਾੜਕੂਆਂ ਨਾਲ ਸੰਬੰਧ ਹੋਣ ਦੇ ਚਰਚਿਆਂ ਪਿੱਛੋਂ ਇਹ ਫੈਸਲਾ ਲਿਆ ਹੈ। ਇਸ ਫੈਸਲੇ ਨਾਲ ਬ੍ਰਿਟੇਨ ਦੀ ਰਾਜਨੀਤੀ 'ਚ ਹੰਗਾਮਾ ਖੜਾ ਹੋ ਗਿਆ ਹੈ ਅਤੇ ਮਜ਼ਦੂਰ ਨੇਤਾ 'ਤੇ ਇਸ ਗੱਲ ਦਾ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਆਪਣਾ ਫੈਸਲਾ ਵਾਪਸ ਲੈਣ। ਸਿੱਧੂ ਸਮਰਥਕਾਂ ਨੇ ਵੀ ਉਨ੍ਹਾਂ ਨੂੰ ਕੱਟੜਪੰਥੀ ਮੰਨਣ ਤੋਂ ਇਨਕਾਰ ਕੀਤਾ ਹੈ। ਸਰ ਕੀਰ ਤੋਂ ਪੁੱਛਿਆ ਜਾ ਰਿਹਾ ਹੈ ਕਿ ਕੀ ਉਨ੍ਹਾਂ ਨੇ ਸਿੱਧੂ ਨੂੰ ਪੀਅਰ ਬਣਾਉਣ ਦਾ ਫੈਸਲਾ ਇਸ ਲਈ ਰੱਦ ਕੀਤਾ ਕਿ ਉਸ ਨਾਲ ਭਾਰਤ ਸਰਕਾਰ ਨਾਰਾਜ਼ ਹੋ ਸਕਦੀ ਹੈ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਭਾਰਤ ਵਿੱਚ ਗਣਤੰਤਰ ਦਿਵਸ ਸਮਾਰੋਹ ਦੇ ਮੁੱਖ-ਮਹਿਮਾਨ ਬਣ ਕੇ ਓਥੇ ਜਾਣ ਵਾਲੇ ਸਨ (ਇਹ ਦੌਰਾ ਰੱਦ ਹੋ ਗਿਆ ਹੈ) ਤਾਂ ਅਜਿਹੇ ਮਾਹੌਲ 'ਚ ਦਬਿੰਦਰਜੀਤ ਸਿੰਘ ਸਿੱਧੂ ਨੂੰ 'ਪੀਅਰ' ਬਣਾਉਣ ਦੇ ਪ੍ਰੋਗਰਾਮ ਨੇ ਮਾਮਲੇ ਨੂੰ ਹੋਰ ਸੰਵੇਦਨਸ਼ੀਲ ਬਣਾ ਦਿੱਤਾ। ਲੇਬਰ ਪਾਰਟੀ ਕ੍ਰਿਸਮਸ ਤੋਂ ਪਹਿਲਾਂ ਸਿੱਧੂ ਸਮੇਤ 6 ਲੋਕਾਂ ਨੂੰ ਪੀਅਰ ਬਣਾਉਣ ਵਾਲੀ ਸੀ ਪਰ ਸਿੱਧੂ ਨੂੰ ਸੂਚਨਾ ਮਿਲੀ ਕਿ ਸਰ ਕੀਰ ਨੇ ਉਨ੍ਹਾਂ ਨੂੰ ਪੀਅਰ ਬਣਾਉਣ ਦਾ


ਦਬਿੰਦਰਜੀਤ ਸਿੰਘ ਸਿੱਧੂ

ਫੈਸਲਾ ਰੱਦ ਕਰ ਦਿੱਤਾ ਹੈ। ਸਿੱਧੂ ਦੀ ਨਾਮਜ਼ਦਗੀ ਨੂੰ ਲਾਰਡਸ ਅਪਵਾਇੰਟਮੈਂਟ ਕਮੇਟੀ ਵੱਲੋਂ ਹਰੀ ਝੰਡੀ ਮਿਲਣ ਦੇ ਬਾਵਜੂਦ ਸਰ ਕੀਰ ਨੇ ਇਹ ਫੈਸਲਾ ਲਿਆ। ਵਧਦੇ ਦਬਾਅ 'ਚ ਲੇਬਰ ਪਾਰਟੀ ਇਹ ਸਫਾਈ ਦੇ ਰਹੀ ਹੈ ਕਿ ਉਸ ਨੂੰ ਇੱਕ ਦਿਨ ਪਹਿਲਾਂ ਦਬਿੰਦਰਜੀਤ ਸਿੰਘ ਸਿੱਧੂ ਦੀ ਪਿਛੋਕੜ ਬਾਰੇ ਪਤਾ ਲੱਗਾ ਹੈ।

55 ਸਾਲਾ ਦਬਿੰਦਰਜੀਤ ਸਿੱਧੂ ਬ੍ਰਿਟੇਨ 'ਚ ਨੈਸ਼ਨਲ ਆਡਿਟ ਆਫਿਸ 'ਚ ਉਚ ਅਧਿਕਾਰੀ ਹਨ। ਉਹ ਪੰਜਾਬ 'ਚ ਆਜ਼ਾਦ ਸਿੱਖ ਰਾਜ ਦੀ ਸਥਾਪਨਾ ਲਈ ਲੰਮੇਂ ਸਮੇਂ ਤੋਂ ਸਮਰਥਨ ਕਰਦੇ ਰਹੇ ਹਨ।

## ਅਮਰੀਕਾ ਨੇ ਪਾਕਿ ਨੂੰ ਕਿਹਾ; ਲਖਵੀ ਨੂੰ ਮੁੰਬਈ ਹਮਲੇ ਦਾ ਵੀ ਜ਼ਿੰਮੇਦਾਰ ਠਹਿਰਾਇਆ ਜਾਵੇ

ਵਾਸ਼ਿੰਗਟਨ, 11 ਜਨਵਰੀ (ਪੋਸਟ ਬਿਊਰੋ)- ਅਮਰੀਕਾ ਨੇ ਕਿਹਾ ਹੈ ਕਿ ਲਸ਼ਕਰ-ਏ-ਤੋਇਬਾ ਦੇ ਆਪ੍ਰੇਸ਼ਨ ਕਮਾਂਡਰ ਜਕੀ-ਉਰ-ਰਹਿਮਾਨ ਲਖਵੀ ਨੂੰ ਅੱਤਵਾਦੀਆਂ ਨੂੰ ਫੰਡਿੰਗ ਕਰਨ ਦੇ ਮਾਮਲੇ 'ਚ ਪਾਕਿਸਤਾਨ ਦੀ ਇੱਕ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਤੋਂ ਉਹ ਉਤਸ਼ਾਹਤ ਹੈ। ਉਸ ਨੇ ਕਿਹਾ ਕਿ ਪਾਕਿਸਤਾਨ ਨੂੰ ਲਖਵੀ ਨੂੰ 2008 ਦੇ ਮੁੰਬਈ ਹਮਲੇ ਸਮੇਤ ਕਈ ਅੱਤਵਾਦੀ ਹਮਲਿਆਂ 'ਚ ਸ਼ਾਮਲ ਹੋਣ ਲਈ ਜ਼ਿੰਮੇਦਾਰ ਠਹਿਰਾਉਣਾ ਚਾਹੀਦਾ ਹੈ।

ਪਾਕਿਸਤਾਨ 'ਚ ਆਜ਼ਾਦ ਘੁੰਮਦੇ ਅੱਤਵਾਦੀਆਂ ਨੂੰ ਸਜ਼ਾ ਦੇਣ ਲਈ ਪਾਕਿਸਤਾਨ 'ਤੇ ਵਧਦੇ ਕੌਮਾਂਤਰੀ ਦਬਾਅ ਵਿਚਾਲੇ ਟੈਰਰ ਫੰਡਿੰਗ ਦੇ ਇੱਕ ਕੇਸ ਵਿੱਚ ਓਥੋਂ ਦੀ ਐਂਟੀ ਟੈਰੋਰਿਸਟ ਕੋਰਟ ਨੇ ਮੁੰਬਈ ਹਮਲੇ ਦੇ ਮਾਸਟਰ ਮਾਈਂਡ ਲਖਵੀ ਨੂੰ 5 ਸਾਲ ਕੈਦ ਦੀ ਸਜ਼ਾ ਸੁਣਾਈ ਸੀ।ਅਦਾਲਤ ਦੇ ਫੈਸਲੇ 'ਤੇ ਅਮਰੀਕੀ ਵਿਦੇਸ਼ ਵਿਭਾਗ ਦੇ ਦੱਖਣ ਅਤੇ ਮੱਧ ਏਸ਼ੀਆ ਬਿਊਰੋ ਨੇ ਟਵੀਟ ਕੀਤਾ, ''ਅਸੀਂ ਜ਼ਕੀ-ਉਰ-ਰਹਿਮਾਨ ਲਖਵੀ ਨੂੰ ਦੋਸ਼ੀ ਠਹਰਾਏ ਜਾਣ ਤੋਂ ਉਤਸ਼ਾਹਤ ਹਾਂ। ਉਸ ਦੇ ਦੋਸ਼ ਟੈਰਰ ਫੰਡਿੰਗ ਨਾਲੋਂ ਕਾਫ਼ੀ ਜ਼ਿਆਦਾ ਖਤਰਨਾਕ ਹਨ। ਪਾਕਿਸਤਾਨ ਨੂੰ ਮੁੰਬਈ ਹਮਲਿਆਂ ਸਮੇਤ ਅੱਤਵਾਦੀ ਹਮਲਿਆਂ 'ਚ ਸ਼ਾਮਲ ਹੋਣ ਲਈ ਉਸ ਨੂੰ ਜ਼ਿੰਮੇਦਾਰ ਠਹਿਰਾਉਣਾ ਚਾਹੀਦਾ ਹੈ।''

## ਅਮਰੀਕਾ ਦੇ ਮੁਕੇਸ਼ ਅਘੀ ਸਮੇਤ ਤਿੰਨਾਂ ਨੂੰ ਪ੍ਰਵਾਸੀ ਭਾਰਤੀ ਸਨਮਾਨ ਮਿਲਿਆ

ਵਾਸ਼ਿੰਗਟਨ, 11 ਜਨਵਰੀ (ਪੋਸਟ ਬਿਊਰੋ)- ਭਾਰਤ ਰਣਨੀਤਿਕ ਅਤੇ ਸਾਂਝੇਦਾਰੀ ਮੰਚ (ਯੂ ਐਸ ਆਈ ਐਸ ਪੀ ਐਫ) ਦੇ ਪ੍ਰਧਾਨ ਮੁਕੇਸ਼ ਅਘੀ ਅਤੇ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨਸ (ਐਫ ਆਈ ਏ) ਦੇ ਨਾਲ ਅਮਰੀਕਾ 'ਚ ਤਿੰਨ ਹੋਰਾਂ ਨੂੰ ਇਸ ਸਾਲ ਵੱਕਾਰੀ ਪ੍ਰਵਾਸੀ ਭਾਰਤੀ ਸਨਮਾਨ ਨਾਲ ਸਨਮਾਨਤ ਕੀਤਾ ਗਿਆ ਹੈ।

ਕੁਝ ਸਾਲ ਪਹਿਲਾਂ ਭਾਰਤ ਦੇ ਅਮਰੀਕੀ ਕਾਰੋਬਾਰੀ ਸਮਰਥਕ ਗਰੁੱਪ ਯੂ ਐਸ ਆਈ ਐਸ ਪੀ ਐਫ ਦਾ ਗਠਨ ਕਰਨ ਵਾਲੇ ਅਘੀ ਨੂੰ ਇਹ ਸਨਮਾਨ ਕਾਰੋਬਾਰ ਸ਼੍ਰੇਣੀ ਵਿੱਚੋਂ ਮਿਲਿਆ ਹੈ। ਇਸੇ ਤਰ੍ਹਾਂ ਇੱਕ ਭਾਰਤੀ ਅਮਰੀਕੀ ਅਰਵਿੰਦ ਪੁਖਾਨ ਨੂੰ ਵਾਤਾਵਰਣ ਤਕਨੀਕੀ ਸ਼੍ਰੇਣੀ ਵਿੱਚ ਅਤੇ ਨੀਲੂ ਗੁਪਤਾ ਨੂੰ ਭਾਰਤੀ ਸੰਸਕ੍ਰਿਤੀ ਨੂੰ ਉਤਸ਼ਾਹਿਤ ਕਰਨ ਲਈ ਭਾਰਤੀ ਪ੍ਰਵਾਸੀ ਸਨਮਾਨ ਨਾਲ ਨਵਾ-ਜਆ ਗਿਆ ਹੈ। ਡਾ. ਸੁਧਾਕਰ



ਜੋਂਨਾਲਗੱਡਾ ਨੂੰ ਮੈਡੀਕਲ ਸ਼੍ਰੇਣੀ 'ਚ ਇਹ ਸਨਮਾਨ ਮਿਲਿਆ ਹੈ। ਦ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨਸ (ਨਿਊਯਾਰਕ, ਨਿਊਜਰਸੀ, ਕਨੈਕਟਿਕਟ) ਨੂੰ ਕਮਿਊਨਿਟੀ ਸੇਵਾ ਲਈ ਪ੍ਰਵਾਸੀ ਭਾਰਤੀ ਸਨਮਾਨ ਨਾਲ ਸਨਮਾਨਤ ਕੀਤਾ ਗਿਆ ਹੈ। ਅਮਰੀਕਾ 'ਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਟਵੀਟ ਕੀਤਾ, ''ਅਮਰੀਕਾ 'ਚ ਸਾਰੇ ਪ੍ਰਵਾਸੀ ਭਾਰਤੀ ਸਨਮਾਨ ਜੇਤੂਆਂ ਨੂੰ ਵਧਾਈ।''

## ਇੰਡੋਨੇਸ਼ੀਆਈ ਜਹਾਜ਼ ਵਾਲਾ ਮਲਬਾ ਸਮੁੰਦਰ ਦੇ 23 ਮੀਟਰ ਹੇਠੋਂ ਮਿਲਿਆ

ਜਕਾਰਤਾ, 11 ਜਨਵਰੀ (ਪੋਸਟ ਬਿਊਰੋ)- ਇੰਡੋਨੇਸ਼ੀਆ ਦੇ ਗੋਤਾਖੋਰਾਂ ਨੇ ਹਾਦਸੇ ਦਾ ਸ਼ਿਕਾਰ ਹੋਏ ਬੋਇੰਗ ਹਵਾਈ ਜਹਾਜ਼ 737-500 ਦੇ ਮਲਬੇ ਦਾ ਪਤਾ ਲਾ ਲਿਆ ਹੈ। ਉਨ੍ਹਾਂ ਨੂੰ ਕੱਲ੍ਹ ਰਾਤ ਹਾਦਸੇ ਦਾ ਸ਼ਿਕਾਰ ਹੋਏ ਉਕਤ ਮੰਦਭਾਗੇ ਹਵਾਈ ਜਹਾਜ਼ ਦਾ ਮਲਬਾ ਜਾਵਾ ਸਾਗਰ ਵਿੱਚੋਂ 23 ਮੀਟਰ ਦੀ ਡੂੰਘਾਈ ਵਿੱਚੋਂ ਮਿਲਿਆ। ਇਸ ਵਿੱਚ 62 ਮੁਸਾਫਰ ਸਵਾਰ ਸਨ। ਇਨ੍ਹਾਂ ਸਾਰਿਆਂ ਦੇ ਮਾਰੇ ਜਾਣ ਦਾ ਡਰ ਹੈ।

ਏਅਰ ਚੀਫ ਮਾਰਸ਼ਲ ਹਾਦੀ ਤਾਜਹਜਾਂਤੋ ਨੇ ਇੱਕ ਬਿਆਨ ਵਿੱਚ ਕਿਹਾ ਕਿ ਸਾਨੂੰ ਖਬਰ ਮਿਲੀ ਹੈ ਕਿ ਪਾਣੀ ਦੀ ਦ੍ਰਿਸ਼ਟਤਾ ਠੀਕ ਹੈ ਇਸ ਕਾਰਨ ਗੋਤਾਖੋਰਾਂ ਦੀ ਟੀਮ ਲਈ ਹਵਾਈ ਜਹਾਜ਼ ਦੇ ਕੁਝ ਮਲਬੇ ਨੂੰ ਲੱਭਣ ਵਿੱਚ ਮਦਦ ਮਿਲੀ ਹੈ।ਉਨ੍ਹਾਂ ਕਿਹਾ ਕਿ ਸਾਨੂੰ ਯਕੀਨ ਹੈ ਕਿ ਇਹ ਉਹੀ ਥਾਂ ਹੈ, ਜਿੱਥੇ ਹਵਾਈ ਜਹਾਜ਼ ਹਾਦਸੇ ਦਾ ਸ਼ਿਕਾਰ ਹੋਇਆ ਸੀ। ਏਅਰ ਚੀਫ ਮਾਰਸ਼ਲ ਨੇ ਕਿਹਾ ਕਿ ਹਵਾਈ ਜਹਾਜ਼ ਦੇ ਹਿੱਸੇ ਮਿਲ ਗਏ ਹਨ ਜਿਨ੍ਹਾਂ 'ਤੇ ਰਜਿਸਟ੍ਰੇਸ਼ਨ ਨੰਬਰ ਦਰਜ ਹੈ। ਇਸ ਤੋਂ ਪਹਿਲਾਂ ਬਚਾਅ ਟੀਮ ਦੇ ਮੈਂਬਰਾਂ ਨੂੰ ਜਾਵਾ ਦੇ ਸਮੁੰਦਰ ਵਿੱਚ ਕੱਲ੍ਹ ਕੁਝ ਮਨੁੱਖੀ ਅੰਗ, ਫਟੇ ਹੋਏ ਕੱਪੜੇ ਅਤੇ ਧਾਤ ਦੇ ਕੁਝ ਟੁਕੜੇ ਮਿਲੇ ਸਨ।ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਜਲਦੀ ਹੀ ਇਸ ਹਵਾਈ ਜਹਾਜ਼ ਨਾਲ ਸਬੰਧਤ ਹੋਰ ਸਮਾਨ ਮਿਲ ਜਾਵੇਗਾ। ਅਸੀਂ ਭਾਲ ਮੁਹਿੰਮ ਜਾਰੀ ਰੱਖੀ ਹੈ। ਵਰਨਣ ਯੋਗ ਹੈ ਕਿ ਉਸ ਹਵਾਈ ਜਹਾਜ਼ ਦਾ ਸੰਪਰਕ ਟੁੱਟ ਗਿਆ ਸੀ। ਉਸ ਪਿੱਛੋਂ ਸਮੁੰਦਰੀ ਫੌਜ ਦੇ ਜਹਾਜ਼ ਦੇ ਮਲਬੇ ਨੂੰ ਲੱਭਣ ਵਿੱਚ ਸੌਖ ਹੋਈ। ਇਸ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਕਿਸੇ ਮੁਸਾਫਰ ਦੇ ਜ਼ਿੰਦਾ ਹੋਣ ਬਾਰੇ ਵੀ ਕੋਈ ਸੰਕੇਤ ਨਹੀਂ ਮਿਲੇ ਹਨ।

## ਅਮਰੀਕੀ ਰਾਜਧਾਨੀ ਹਿੰਸਾ 'ਚ ਸ਼ਾਮਲ ਤਿੰਨ ਜਣੇ ਹੋਰ ਗ੍ਰਿਫ਼ਤਾਰ

ਸਿਆਟਲ, 11 ਜਨਵਰੀ (ਪੋਸਟ ਬਿਊਰੋ)- ਬੀਤੇ ਦਿਨੀਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਭੜਕਾਏ ਸਮਰਥਕਾਂ ਵੱਲੋਂ ਰਾਜਧਾਨੀ ਵਾਸ਼ਿੰਗਟਨ ਡੀ ਸੀ ਵਿਖੇ ਕੈਪੀਟਲ ਵਿੱਚ ਕੀਤੀ ਭਾਰੀ ਹਿੰਸਾ ਤੇ ਹਾਊਸ ਵਿੱਚ ਕੀਤੀ ਭੰਨ-ਤੋੜ ਤੋਂ ਬਾਅਦ ਪੁਲਸ ਅਤੇ ਐਫ ਬੀ ਆਈ ਦੰਗਾ ਕਰਨ ਵਾਲਿਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਰਹੀ ਹੈ।



6 ਜਨਵਰੀ ਨੂੰ ਹੋਈ ਹਿੰਸਾ ਵਿੱਚ ਇੱਕ ਵਿਅਕਤੀ ਦੀ ਫੋਟੋ ਵਾਇਰਲ ਹੋਈ ਸੀ, ਜਿਸ ਨੇ ਛਾਤੀ ਉਤੇ ਅਤੇ ਹੋਰ ਥਾਵਾਂ 'ਤੇ ਟੈਟੂ ਬਣਵਾਏ ਹੋਏ ਸਨ ਅਤੇ ਸਿਰ 'ਤੇ ਸਿੰਗ ਲਾਏ ਸੀ ਅਤੇ ਉਸ ਨੇ ਪਾਰਲੀਮੈਂਟ ਭਵਨ ਦੇ ਅੰਦਰ ਸਪੀਕਰ ਨੈਨਸੀ ਪੈਲੋਸੀ ਦੀ ਕੁਰਸੀ ਉੱਤੇ ਬੈਠ ਕੇ ਤਸਵੀਰਾਂ ਖਿਚਵਾਈਆਂ ਸਨ। ਐਫ ਬੀ ਆਈ ਨੇ ਉਸ ਦੀ ਪਛਾਣ ਯਾਕੂਬ ਐਂਥਨੀ ਚਾਂਸਲੇ, ਜਿਸ ਨੂੰ ਜੈਨ ਐਂਜਲੀ ਕਿਹਾ ਜਾਂਦਾ ਹੈ, ਵਜੋਂ ਕੀਤੀ ਹੈ, ਉਹ ਐਰੀਜੋਨਾ ਤੋਂ ਆਇਆ ਸੀ ਅਤੇ ਦੋ ਹੋਰ, ਜਿਨ੍ਹਾਂ ਵਿੱਚੋਂ ਇੱਕ ਵੈਸਟ ਵਰਜੀਨੀਆ ਵਿੱਚੋਂ ਨਵਾਂ ਚੁਣਿਆ ਰਾਜ ਅਧਿਕਾਰੀ ਹੈ ਅਤੇ ਇੱਕ ਹੋਰ ਨੂੰ ਐਫ ਬੀ ਆਈ ਨੇ ਕੱਲ੍ਹ ਗ੍ਰਿਫ਼ਤਾਰ ਕਰਕੇ ਗੰਭੀਰ ਚਾਰਜ ਲਾਏ ਹਨ। ਇਨ੍ਹਾਂ ਦੋਸ਼ੀਆਂ ਨੇ ਪੁਲਸ ਨੂੰ ਦੱਸਿਆ ਕਿ ਉਹ ਰਾਸ਼ਟਰਪਤੀ ਟਰੰਪ ਦੇ ਕਹਿਣ 'ਤੇ ਪੈਰੀਜੋਨਾ ਦੇ ਇੱਕ ਗਰੁੱਪ ਨਾਲ ਆਏ ਸਨ। ਪੁਲਸ ਅਨੁਸਾਰ 15 ਹੋਰ ਵਿਅਕਤੀਆਂ ਉਤੇ ਹਿੰਸਾ ਦੇ ਦੋਸ਼ ਲਗਾਏ ਗਏ ਹਨ ਅਤੇ ਇਨ੍ਹਾਂ ਵਿੱਚੋਂ ਇੱਕ ਬੰਬ ਰੱਖਣ ਦਾ ਦੋਸ਼ੀ ਵੀ ਹੈ। ਪੁਲਸ ਤੇ ਐਫ ਬੀ ਆਈ ਸੂਤਰਾਂ ਅਨੁਸਾਰ 20 ਤਰੀਕ ਨੂੰ ਨਵੇਂ ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਗਮ ਨੂੰ ਮੁੱਖ ਰੱਖ ਕੇ ਸੁਰੱਖਿਆ ਪ੍ਰਬੰਧ ਕੀਤੇ ਜਾ ਰਹੇ ਹਨ।



























## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟ ਸਿਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654













